# ਕੀ ਕੇਸ ਰਖਣੇ ਜ਼ਰੂਰੀ ਹਨ?

ਭਾ: ਸਾ: ਰਣਧੀਰ ਸਿੰਘ

ਮੁੱਲ : 0-60

ੴ ਵਾਹਿਗੁਰੂ ਜੀ ਕੀ ਫ਼ਤਹ ॥

# ਕੀ ਕੇਸ ਰਖਣੇ ਜ਼ਰੂਰੀ ਹਨ ?

ਲੇਖਕ

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ

ਸ: ਸਰੂਪ ਸਿੰਘ ਅਲਗ ਲਿਖਤ

ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ

- ਲੇਖ ਭੀ ਨਾਲ ਸ਼ਾਮਲ ਹੈ।

ਪ੍ਰਕਾਸ਼ਕ

'ਸੂਰਾ' ਮਾਸਕ ਪੱਤਰ

ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

bsrstrust.org

੧੯੭੭, ੧੯੭੮, ੧੯੭੯, ੧੯੮੦
ਪੰਜਵੀਂ ਵਾਰ ੧੯੮੨
੩੩੦੦ ਕਾਪੀ

ਛੇਵੀਂ ਵਾਰ ਸਤੰਬਰ ੧੯੮੩
੩੦੦੦ ਕਾਪੀ

ਛਾਪਕ
ਸਵੇਨ ਪ੍ਰਿੰਟਿੰਗ ਪ੍ਰੈਸ, ਅਡਾ ਟਾਂਡਾ, ਜਲੰਧਰ

bsrstrust.org

# ਸੂਚਨਾ

(ਈਲੈਕੱਟ੍ਰੌਨਿੱਕ ਐਡੀਸ਼ਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿੱਚ ਇਕ ਨਿਰਮੋਲ ਖ਼ਜ਼ਾਨਾ ਸੁਸ਼ੋਭਤ ਹੈ, ਜਿਸ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਤਕਰੀਬਨ ਹਰ ਪੱਖ ਦੀ ਵਿਆਖ਼ਿਆ ਕੀਤੀ ਹੋਈ ਹੈ ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਭਾਈ ਸਾਹਿਬ ਦੇ ਸਮਕਾਲੀ ਅਤੇ ਜ੍ਹੇਲ ਸਾਥੀ ਗਿਆਨੀ ਨਾਹਰ ਸਿੰਘ ਅਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਅਰੰਭ ਕੀਤੀ । ਉਸ ਤੋਂ ਉਪਰੰਤ 1962 ਵਿੱਚ ਇਸਦੀ ਸੇਵਾ ਭਾਈ ਸਾਹਿਬ ਦੇ ਸਪੁਤੱਰ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿਤੀ ਗਈ, ਜਿਸ ਵਿੱਚ ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਵਡੱਮੁਲੀਆਂ ਲਿਖਤਾਂ ਨੂੰ ਸਹੀ ਤਰੀਕੇ ਨਾਲ ਛਾਪਿਆ ਅਤੇ ਵੰਡਿਆ । ਭਾਈ ਸਾਹਿਬ ਦੀ ਜਨਮ ਸ਼ਤਾਬਦੀ ਦੇ ਸਮੇਂ, 1978 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਅਸਥਾਪਿਤ ਕੀਤਾ ਗਇਆ, ਜਿਸ ਦੀ ਸਰਪ੍ਰਸਤੀ ਹੇਠ ਇਹ ਪੁਸਤਕਾਂ ਅੱਜ ਤੱਕ ਪ੍ਰਕਾਸ਼ਿਤ ਹੋ ਰਹੀਆਂ ਹਨ ।

ਅਜੋਕੇ ਸਮੇਂ ਵਿੱਚ ਭਾਰਤ ਤੋਂ ਬਾਹਰ ਭਾਈ ਸਾਹਿਬ ਦੀਆਂ ਲਿਖਤਾਂ ਦੀ ਮੰਗ ਬਹੁਤ ਵਧ ਰਹੀ ਹੈ । ਨੌਜਵਾਨ ਪੀੜੀ ਦੀ ਮੰਗ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ. ਅਤੇ ਅਖੰਡ ਕੀਰਤਨੀ ਜਥਾ ਯੂ.ਕੇ. ਨੇ ਇਨ੍ਹਾਂ ਪੁਸਤਕਾਂ ਨੂੰ ਇੰਟਰਨੈਟ ਮੀਡੀਆ ਰਾਹੀਂ ਸੰਗਤਾਂ ਵਾਸਤੇ ਹਾਜ਼ਰ ਕੀਤੀਆਂ ਹਨ । ਸਾਨੂੰ ਆਸ ਹੈ ਕੇ ਥਾਂ ਥਾਂ ਵਸਦੀਆਂ ਸੰਗਤਾਂ ਇਸ ਉਪਰਾਲੇ ਦਾ ਸਹੀ ਲਾਭ ਲੈ ਸਕਣਗੀਆਂ । ਅਸੀਂ ਧੰਨਵਾਦੀ ਹਾਂ ਸਾਧ-ਸੰਗਤ ਅਤੇ ਉਨ੍ਹਾਂ ਸੱਜਣਾਂ ਦੇ ਜੋ ਨਿਰੰਤਰ ਇਸ ਸੇਵਾ ਵਿੱਚ ਹਿੱਸਾ ਪਾਓਦੇਂ ਹਨ ।

bsrstrust.org

ਗੁਰੂ ਸਾਹਿਬ ਦੀ ਮਿਹਰ ਅਤੇ ਸੰਮੂਹ ਸੰਗਤਾਂ ਦੀਆਂ ਆਸੀਸਾਂ ਸਦਕਾ ਇਹ ਕਾਰਜ ਹੋਇਆ ਹੈ ਅਤੇ ਆਸ ਰੱਖਦੇ ਹਾਂ ਕੇ ਅਗੇ ਤੋਂ ਵੀ ਸੰਗਤਾਂ ਦਾ ਸਹਿਯੋਗ ਮਿਲਦਾ ਰਹੇਗਾ ।

ਜੁਝਾਰ ਸਿੰਘ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ.**

ਜਨਵਰੀ 2013, ਯੂ.ਕੇ.

ਪ੍ਰਕਾਸ਼ਕ:

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

*ਵੈਬਸਾਈਟ (Website): www.bsrstrust.org*

*ਈ-ਮੇਲ (Email): info@bsrstrust.org*

*ਫੇਸਬੁੱਕ (Facebook): www.facebook.com/BSRSTrust*

*ਟਵਿਟਰ (Twitter): www.twitter.com/BSRSTrust (@BSRSTrust)*

**ISBN: 978-1-909065-62-8**

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

bsrstrust.org

# ਮੁਢਲੇ ਸ਼ਬਦ

ਇਹ ਛੋਟਾ ਜਿਹਾ ਟਰੈਕਟ ਇਕ ਸਵਾਲ ਦਾ ਜਵਾਬ ਹੈ। ਸਵਾਲ ਹੈ :–

ਕੀ ਕੇਸ ਰਖਣੇ ਜ਼ਰੂਰੀ ਹਨ ?

ਇਸ ਟਰੈਕਟ ਵਿਚ ਉਪਰੋਕਤ ਸੁਆਲ ਦੇ ਦਿਤੇ ਗਏ ਜੁਆਬ ਤੋਂ ਹੇਠ ਲਿਖੇ ਨੁਕਤਿਆਂ ਬਾਰੇ ਸੋਧ ਮਿਲਦੀ ਹੈ :–

(ੳ) ਬਾਕੀ ਸਰੀਰਕ ਅੰਗਾਂ ਵਾਂਗ ਕੇਸ ਵੀ ਇਕ ਰੱਬੀ ਦਾਤਿ ਹਨ। ਧਰਤੀ ਦੀਆਂ ਜੂਨਾਂ ਦੀ ਸਰਦਾਰ ਜੂਨੀ–ਮਨੁੱਖਾ ਦੇਹੀ–ਦਾ 'ਕੇਸ' ਅਨਿਖੜਵਾਂ ਅੰਗ ਹਨ।

(ਅ) "ਕੇਸ ਰਖਣੇ ਕਿਉਂ ਜ਼ਰੂਰੀ ਹਨ ?" ਇਹ ਇਕ ਗ਼ਲਤ, ਅਨੁਚਿਤ ਤੇ ਬੇਹੂਦਾ ਸੁਆਲ ਹੈ ਅਤੇ ਸੁਆਲ ਕਰਨਹਾਰਿਆਂ ਦੀ ਅਗਿਆਨਤਾ ਦਾ ਸੂਚਕ ਹੈ। ਕੇਸਾਂ ਸੰਬੰਧੀ ਜੇ ਕੋਈ ਸੁਆਲ ਉਠਦਾ ਹੈ ਤੇ ਉਹ ਇਹ ਹੈ ਕਿ "ਕੇਸ ਮੁਨਾਏ ਕਿਉਂ ਜਾਂਦੇ ਹਨ ?" ਇਸ ਦਾ ਉਤਰ 'ਫ਼ੈਸ਼ਨ-ਪ੍ਰਸਤੀ' ਤੋਂ ਸਿਵਾ ਹੋਰ ਕੁਝ ਨਹੀਂ ਮਿਲਦਾ।

(ੲ) ਕੇਸਾਂ ਵਿਚ ਜਾਨ ਹੈ (**Keshas are a living growth**), ਮੁੰਨਣ ਮਗਰੋਂ ਫਿਰ ਵਧ ਆਉਂਦੇ ਹਨ। ਜੇ ਲੇਖਾ ਕੀਤਾ ਜਾਵੇ ਤਾਂ ਮੁੰਨਣ ਵਾਲੇ ਵਿਅਕਤੀ ਬਚਪਨ ਤੋਂ ਲੈ ਕੇ ਬੁਢੇਪੇ ਤਕ ਤਕਰੀਬਨ ੨੦-੨੫ ਗਜ਼ ਲੰਬਾਈ ਜਿੰਨੇ ਕੇਸ ਕੱਟ ਦੇਂਦੇ ਹਨ। ਫ਼ੈਸ਼ਨ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਕਦੀ ਨਹੀਂ ਸੋਚਦੇ ਕਿ ਉਹ ਆਪਣੇ ਸਰੀਰ ਦਾ ਕਿੰਨਾ ਵੱਡਾ ਨੁਕਸਾਨ ਕਰ ਰਹੇ ਹਨ ਅਤੇ ਆਪਣੇ ਸਰੀਰ ਦੀ ਇਕ ਅਮੋਲਕ ਸ਼ਕਤੀ ਦੇ ਘਾਤਕ ਆਪ ਹੀ ਬਣਦੇ ਹਨ।

(ਸ) ਸਰੀਰ ਦੇ ਵਖ ਵਖ ਅੰਗਾਂ ਉਤੇ, ਉਹਨਾਂ ਅੰਗਾਂ ਦੀ ਸੁਰੱਖਿਆ ਲਈ ਕੁਦਰਤ ਵਲੋਂ ਉਨੇ ਹੀ ਲੰਮੇ ਕੇਸ ਉਗਾਏ ਜਾਂਦੇ ਹਨ ਜਿੰਨੀ ਲੰਬਾਈ ਦੀ ਜ਼ਰੂਰਤ ਹੁੰਦੀ ਹੈ। ਕੇਸਾਂ ਦਾ ਕੁਦਰਤੀ ਵਧਾਅ ਕਿਸੇ ਨਿਸਚਤ ਲੰਬਾਈ ਤਕ ਹੀ ਹੈ।

(ਹ) ਸਿੱਖ ਧਰਮ ਵਿਚ ਕੇਸਾਂ ਨੂੰ ਬਾਕੀ ਅੰਗਾਂ ਵਾਂਗ ਹੀ ਸੰਭਾਲਣ ਲਈ ਉਪਦੇਸ਼ ਹੈ। ਕੇਸਾਂ ਦਾ ਬਨਾਉਟੀ ਵਧਾਅ ਜਾਂ ਘਟਾਅ ਮਨ-ਮਤਿ ਹੈ।

(ਕ) ਕੇਸਾਂ ਨੂੰ ਕੰਘਾ ਕਰਨ ਤੋਂ ਪਹਿਲਾਂ ਛੋਵੇਂ (ਤੇਲ) ਨਾਲ ਨਰਮ ਕਰਨਾ ਪਰਮ ਜ਼ਰੂਰੀ ਹੈ, ਤਾਂ ਜੁ ਕੇਸ ਭੁਰਨ ਨਾ।

'ਕੇਸ' ਕੁਦਰਤ ਦੀ ਬਖਸ਼ਸ਼ ਹੈ ਅਤੇ ਇਹ ਬਖਸ਼ਸ਼ ਹਰੇਕ ਮਨੁੱਖ ਨੂੰ ਵਾਹਿਗੁਰੂ ਵਲੋਂ ਮਿਲੀ ਹੈ। ਇਹਨਾਂ ਨੂੰ ਮੁੰਨਣ ਪਿਛੇ ਕੰਮ ਕਰ ਰਹੀ ਰੁਚੀ ਕੇਵਲ ਇਕੋ ਹੈ—ਫੈਸ਼ਨ ਪ੍ਰਸਤੀ।

ਗੁਰੂ ਸਾਹਿਬ ਜੀ ਦੇ ਵੇਲੇ ਕੇਸ ਮੁੰਨਣ ਦੀ ਕੁਰੀਤੀ ਭਾਰਤ ਵਿਚ ਘਰ ਕਰ ਚੁਕੀ ਸੀ। ਗੁਰੂ ਮਹਾਰਾਜ ਜੀ ਨੇ ਆਪਣੇ ਸਿਖਾਂ ਸੇਵਕਾਂ ਨੂੰ ਜਿਥੇ ਕੁਦਰਤ ਦੀ ਇਸ ਬਖ਼ਸ਼ਸ਼ ਨੂੰ ਸੰਭਾਲਣ ਦਾ ਉਪਦੇਸ਼ ਦਿਤਾ ਉਥੇ ਇਹ ਤਾੜਨਾ ਵੀ ਕੀਤੀ ਕਿ ਕੇਸਾਂ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਸਿਖੀ ਤੋਂ ਪਤਿਤ (ਖ਼ਾਰਜ) ਸਮਝਿਆ ਜਾਏਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਾਬਲ ਦੀ ਸੰਗਤ ਦੇ ਨਾਮ ਲਿਖੇ ਹੁਕਮਨਾਮੇ ਵਿਚ ਲਿਖਿਆ ਮਿਲਦਾ ਹੈ, "ਕੇਸ ਗੁਰੂ ਕੀਆਂ ਮੋਹਰਾਂ ਹਨ।" ਗੁਰੂ ਕੀਆਂ ਮੋਹਰਾਂ ਦਾ ਮੰਦਾ ਚਿਤਵਣ ਵਾਲਾ ਵਿਅਕਤੀ ਸਿਖ ਅਖਵਾਉਣ ਦਾ ਹੱਕਦਾਰ ਕਿਵੇਂ ਰਹਿ ਸਕਦਾ ਹੈ ? ਅਰਦਾਸ ਵਿਚ ਇਹ ਮੰਗ ਨਿਤਾਪ੍ਰਤਿ ਦੁਹਰਾਈ ਜਾਂਦੀ ਹੈ—ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ ! ਇਸ ਤੋਂ ਸਪੱਸ਼ਟ ਹੈ ਕਿ ਸਰੀਰ ਲਈ ਜਿੰਨੇ ਜ਼ਰੂਰੀ ਸਵਾਸ ਹਨ ਓਨੇ ਹੀ ਜ਼ਰੂਰੀ ਕੇਸ ਹਨ। ਸਾਡਾ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਕਿ ਸਾਡੇ ਵਡਕਿਆਂ ਨੇ ਆਪਣੀ ਜਾਨ ਕੁਰਬਾਨ ਕਰਨੀ ਤਾਂ ਕਬੂਲ ਕਰ ਲਈ ਪਰੰਤੂ ਕੇਸਾਂ ਨੂੰ ਕਤਲ ਕਰਵਾਉਣਾ ਨਹੀਂ ਮੰਨਿਆ। ਪਰ ਅਫ਼ਸੋਸ ! ਅਜ ਦਾ ਨੌਜੁਆਨ ਬਗ਼ੈਰ ਕਿਸੇ ਦਬਾਅ ਦੇ, ਕੇਵਲ ਫੈਸ਼ਨ-ਪ੍ਰਸਤੀ ਦੇ ਰੌਂਹੜ੍ਹ ਵਿਚ ਰੁੜ੍ਹ ਕੇ, ਕੇਸ ਕਤਲ ਕਰਵਾ ਕੇ ਆਪਣੇ ਵਡੇ-ਵਡੇਰਿਆਂ ਸ਼ਹੀਦਾਂ ਮੁਰੀਦਾਂ ਦੀਆਂ ਕੀਤੀਆਂ ਬੇਮਿਸਾਲ ਕੁਰਬਾਨੀਆਂ ਮਿੱਟੀ ਵਿਚ ਮਿਲਾ ਰਿਹਾ ਹੈ। ਉਸ ਦਾ ਅਨਜਾਣਪੁਣੇ ਅਤੇ ਮੂਰਖਤਾ ਵਿਚ ਕੀਤਾ ਇਹ ਕੁਕਰਮ ਸਾਧਾਰਨ ਮਨੁਖ ਅਤੇ ਖ਼ਾਸ ਕਰਕੇ ਸਿੱਖੀ ਦੇ ਵਿਰੋਧੀਆਂ ਦੇ ਮਨ ਵਿਚ ਹੌਸਲਾ ਪੈਦਾ ਕਰ ਦੇਂਦਾ ਹੈ ਕਿ ਕੀ ਸ਼ਹੀਦੀ ਮੁਰੀਦਾਂ ਦੇ ਪਰਚਾਰੇ ਜਾ ਰਹੇ ਸਾਕੇ ਵਾਕਿਆ ਹੀ ਸਚਮੁਚ ਵਰੇਤੀਆਂ ਘਟਨਾਵਾਂ ਹਨ ਕਿ ਐਵੇਂ ਮਿਥਿਹਾਸ ਜਿਹਾ। ਅਫਸੋਸ ! ਸਿਖ ਹੀ ਸਿੱਖਾਂ

bsrstrust.org

ਤੇ ਕੁਹਾੜਾ ਚਲਾ ਰਹੇ ਹਨ।

ਕੇਸਾਂ ਦੀ ਮਹੱਤਤਾ ਅਤੇ ਸੰਭਾਲ ਸੰਬੰਧੀ ਗੁਰੂ ਮਹਾਰਾਜ ਜੀ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਅਜ ਸਿੱਖੀ ਦੀ ਮਾਤ-ਭੂਮੀ ਪੰਜਾਬ ਵਿਚ ਕੁਲ ਸਿੱਖਾਂ ਦੀ ੭੦ ਫ਼ੀ ਸਦੀ ਤੋਂ ਵਧ ਸੰਖਿਆ ਕੇਸਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਬੇਅਦਬੀ ਕਰਨ ਦੀ ਕੁਰੀਤੀ ਵਿਚ ਪਰਵਿਰਤ ਹੋ ਚੁਕੀ ਹੈ। ਕਿਸੇ ਅਖੌਤੀ ਸਿਖਾਂ ਦੇ ਮੂੰਹੋਂ ਹੀ ਇਹ ਸੁਆਲ ਸੁਣਿਆ ਜਾਂਦਾ ਹੈ, "ਕੇਸ ਰੱਖਣ ਦੀ ਕੀ ਜ਼ਰੂਰਤ ਹੈ ?"

ਇਹ ਸਥਿਤੀ ਚਿੰਤਾ-ਜਨਕ ਹੈ। ਪਰ ਕਿਡੀ ਹੈਰਾਨੀ ਦੀ ਗੱਲ ਹੈ ਕਿ ਏਨੀ ਨਿਘਰੀ ਦਸ਼ਾ ਦੇ ਬਾਵਜੂਦ ਕਿਸੇ ਸਿੱਖ ਸੁਸਾਇਟੀ ਨੇ ਇਸ ਵਹਿਣ ਨੂੰ ਰੋਕਣ ਦਾ ਕੋਈ ਨਿਗਰ ਉਪਰਾਲਾ ਨਹੀਂ ਕੀਤਾ।

ਕੇਸ ਕਤਲ ਕਰਾਉਣ ਦੇ ਪਿਛੇ ਫੈਸ਼ਨ-ਪ੍ਰਸਤੀ ਦੀ ਰੁਚੀ ਹੀ ਕੰਮ ਕਰਦੀ ਹੈ। ਇਸ ਦਾ ਆਰੰਭ ਫੈਸ਼ਨ-ਪ੍ਰਸਤੀ ਦੇ ਅਧੀਨ ਦਾੜ੍ਹੇ ਬੰਨ੍ਹਣ ਤੋਂ ਹੋਇਆ। ਇਹ ਕੁਰੀਤੀ ਕੌਮ ਨੇ ਕੌਮੀ ਪੱਧਰ ਤੇ ਪ੍ਰਵਾਨ ਕਰ ਲਈ। ਅੱਜ ਸਾਡੇ ਲੀਡਰ, ਨੇਤਾ, ਸਿਖ ਸੁਸਾਇਟੀਆਂ ਦੇ ਪ੍ਰਬੰਧਕ ਜੇ ਸਾਰੇ ਨਹੀਂ ਤਾਂ ਵਧੇਰੀ ਗਿਣਤੀ ਵਿਚ ਬੱਧੀਆਂ ਦਾੜ੍ਹੀਆਂ ਵਾਲੇ ਹੀ ਮਿਲਦੇ ਹਨ। ਕੌਮੀ ਪਧਰ ਤੇ ਸਿਖੀ ਜੀਵਨ ਦੀਆਂ ਕਦਰਾਂ ਕੀਮਤਾਂ ਹੀ ਬਦਲ ਗਈਆਂ ਹਨ। ਪ੍ਰਕਾਸ਼-ਦਾੜ੍ਹੇ ਵਾਲਿਆਂ ਨੂੰ ਕੇਵਲ ਗੁਰਦੁਆਰਿਆਂ ਦੇ ਚੌਥੇ ਦਰਜੇ ਦੇ ਦਫ਼ਤਰੀ ਸੇਵਾਦਾਰ ਹੀ ਸਮਝਿਆ ਜਾਂਦਾ ਹੈ।

ਦਾੜ੍ਹੀ ਮੁੰਨਣ ਵਾਲਿਆਂ ਦੀ ਇਹ ਢੁੱਚਰ ਹੈ "ਕਿ ਜਿਹੀ ਤੁੰਨੀ (ਬਧੀ) ਤਿਹੀ ਮੁੰਨੀ।" ਇਸ ਲਈ ਮੁੰਨਣ ਵਾਲਿਆਂ ਨੂੰ ਮੋੜਾ ਪਾਉਣ ਲਈ ਤੁੰਨਣ ਵਾਲਿਆਂ ਦਾ ਆਪ ਮੋੜਾ ਪਾਉਣਾ ਸ਼ਾਇਦ ਇਸ ਕੰਮ ਵਿਚ ਸਹਾਈ ਹੋਵੇ।

ਏਥੇ ਹੀ ਬਸ ਨਹੀਂ, ਦਾੜ੍ਹੇ ਮੁੰਨਣ ਵਾਲੇ ਵੀ ਅਮਲੀ ਤੌਰ ਤੇ ਸਿਖ ਪਰਵਾਣ ਹੋਏ ਵੇ ਹਨ। ਉਹਨਾਂ ਨੂੰ ਸਿਖਾਂ ਵਾਲੇ ਸਾਰੇ ਅਧਿਕਾਰ ਪ੍ਰਾਪਤ ਹਨ। ਏਥੋਂ ਤਕ ਕਿ ਉਨ੍ਹਾਂ ਦਾੜ੍ਹੀ-ਮੁੰਨਿਆਂ ਦਾ ਪ੍ਰਸ਼ਾਦ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਵਾਨ ਕਰ ਲਿਆ ਜਾਂਦਾ ਹੈ। ਏਦੂੰ ਵਧ ਅਸੂਲਾਂ ਦੀ ਮਿੱਟੀ ਪਲੀਤ ਕੀਤੇ ਜਾਣ ਦੀ

ਹੋਰ ਕੀ ਗੱਲ ਹੋ ਸਕਦੀ ਹੈ ! ਪਰ ਕੌਣ ਕਹੇ ਅਤੇ ਕਿਸ ਨੂੰ ਆਖੇ ? ਸਭ ਨੂੰ ਆਪੋ-ਧਾਪੀ ਪਈ ਹੋਈ ਹੈ । ਸਭ ਨੂੰ ਨਿਜੀ ਸਵਾਰਥ ਦੀ ਪਈ ਹੋਈ ਹੈ । ਕੌਮ ਦਾ ਕੀਹਨੂੰ ਖ਼ਿਆਲ ਹੈ ।

ਪਰ ਮਨ ਦੀ ਹਵਾੜ ਕੱਢਣ ਲਈ ਜੋ ਮਰਜ਼ੀ ਗਿਲੇ ਗੁਜ਼ਾਰੀਆਂ ਕਰਦੇ ਰਹੀਏ, ਇਸ ਨਿਘਰਦੀ ਦਸ਼ਾ ਲਈ ਅਸੀਂ ਸਾਰੇ ਜ਼ਿਮੇਂਵਾਰ ਹਾਂ । ਹਰੇਕ ਵਿਅਕਤੀ ਨੂੰ ਇਸ ਮਸਲੇ ਬਾਰੇ ਆਪਣੇ ਤੌਰ ਤੇ ਸੋਚਣਾ ਤੇ ਕੁਝ ਕਰਨਾ ਬਣਦਾ ਹੈ । ਵਿਅਕਤੀਆਂ ਵਲੋਂ ਪਰੇਰਨਾ ਤੇ ਦਬਾਅ ਦੇਣ ਤੇ ਸੰਸਥਾਵਾਂ ਅਤੇ ਉਨ੍ਹਾਂ ਦੇ ਅਧਿਕਾਰੀਆਂ ਦੀ ਨੀਂਦ ਵੀ ਸ਼ਾਇਦ ਉਘੜ ਜਾਏ । ਗੁਰੂ ਮਿਹਰ ਕਰਨ !

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਵਡੀਆਂ ਪੁਸਤਕਾਂ ਵਿਚੋਂ ਗੁਰਮਤਿ ਦੇ ਵੱਖ ਵੱਖ ਨੁਕਤਿਆਂ ਨੂੰ ਨਿਰਣਤ ਕਰਨ, ਤੇ ਉਤਸ਼ਾਹ ਜਨਕ ਘਟਨਾਵਾਂ ਨੂੰ ਟਰੈਕਟ ਰੂਪ ਵਿਚ ਪੇਸ਼ ਕਰਨ ਦੀ ਲੜੀ ਵਿਚ ਇਹ ਤੀਜਾ ਟਰੈਕਟ ਹੈ । ਇਸ ਤਰ੍ਹਾਂ ਦੇ ਹੋਰ ਟਰੈਕਟਾਂ ਦੀ ਵੀ ਛੇਤੀ ਉਡੀਕ ਕਰੋ ਜੀ ।

੧-੮-੭੭ ਜੋਗਿੰਦਰ ਸਿੰਘ

## ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ

ਇਸ ਹੈਡਿੰਗ ਹੇਠ ਇਕ ਲੇਖ ਇਸ ਟਰੈਕਟ ਦੇ ਨਾਲ ਸ਼ਾਮਲ ਹੈ । ਇਹ ਲੇਖ ਸ: ਸਰੂਪ ਸਿੰਘ ਜੀ ਅਲਗ ਭਾਸ਼ਾ ਅਫ਼ਸਰ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਨੇ ਪੱਛਮ ਵਿਚ ਕੇਸਾਂ ਬਾਰੇ ਹੋਈ ਖੋਜ ਦੇ ਅਧਾਰ ਤੇ ਲਿਖਿਆ ਹੈ । ਦੇਸ ਪ੍ਰਦੇਸ ਵਿਚ ਰਹਿ ਰਹੇ ਸਿਖਾਂ ਨੂੰ ਆਪਣੇ ਧਾਰਮਿਕ ਵਿਰਸੇ ਨੂੰ ਸੰਭਾਲੀ ਰਖਣ ਦੀ ਪਰੇਰਨਾ ਦੇਣ ਲਈ ਆਪ ਦਾ ਇਹ ਉਦਮ ਸਲਾਘਾ ਯੋਗ ਹੈ ।

ਆਪ ਨੇ ਪਰਚਾਰ ਖ਼ਾਤਰ ਇਹ ਲੇਖ ਸੁਧਾਈ ਕਰ ਕੇ ਬਿਨਾਂ ਕਿਸੇ ਇਵਜ਼ਾਨੇ ਦੇ ਛਾਪਣ ਦੀ ਆਗਿਆ ਦਿਤੀ ਹੈ, ਇਸ ਲਈ ਧੰਨਵਾਦੀ ਹਾਂ ।

੨ ਮਈ ੧੯੭੯ ਪ੍ਰਕਾਸ਼ਕ

bsrstrust.org

# ਕੀ ਕੇਸ ਰਖਣੇ ਜ਼ਰੂਰੀ ਹਨ ?

[ਨਾਗਪੁਰ ਜੇਲ੍ਹ ਵਿਚ ਆਏ ਨਵੇਂ ਸੁਪ੍ਰੰਟੈਂਡੈਂਟ ਮਿ: ਗੁਪਤਾ ਨਾਲ
ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਵਿਚਾਰ]

ਇਕ ਦਿਨ ਦਾ ਜ਼ਿਕਰ ਹੈ ਕਿ ਕੇਸਾਂ ਨੂੰ ਲਾਉਣ ਵਾਸਤੇ ਛੇਵਾਂ (ਤੇਲ) ਜੇਲ੍ਹਰ ਨੇ ਸਾਨੂੰ ਬੜਾ ਹੀ ਬਦਬੂਦਾਰ ਸਸਤ-ਮੁਲਾ ਜਿਹਾ ਖ਼ਰੀਦ ਕੇ ਲਿਆ ਦਿਤਾ (ਚਾਰਜ ਬਹੁਮੁਲੇ ਦਾ ਹੀ ਕਰ ਲਿਆ) । ਮੈਂ ਸੁੰਘਣ ਸਾਰ ਹੀ ਲੈਣੋਂ ਇਨਕਾਰ ਕਰ ਦਿਤਾ ਅਤੇ ਆਖਿਆ ਕਿ ਚੰਗਾ ਲਿਆ ਕੇ ਦੇਵੋ, ਏਸ ਨੂੰ ਵਾਪਸ ਕਰ ਦੇਵੋ । ਮੈਂ ਖਾਰ ਸਾਬੂਣ ਮਿਲਾ ਕੇ ਕੇਸੀ ਇਸ਼ਨਾਨ ਕਰ ਚੁਕਾ ਸੀ । ਕੇਸ ਹਰੇ ਕਰ ਕੇ ਛੇਵਾਂ (ਤੇਲ) ਲਾ ਕੇ ਕੰਘਾ ਕਰਨਾ ਸੀ । ਕੰਘਾ ਕੀਤੇ ਬਿਨਾਂ ਪਰਸ਼ਾਦਾ ਨਹੀਂ ਛਕਣਾ ਸੀ । ਇਹ ਸਾਰੀਆਂ ਗੱਲਾਂ ਮੈਂ ਜਣਾਇ ਦਿਤੀਆਂ ਸਨ । ਗੋਲ ਅਫ਼ਸਰ, ਜੇਲ੍ਹਰ, ਸਾਰੇ ਸਿਵਾਏ ਨਵੇਂ ਸੁਪ੍ਰੰਟੈਂਡੈਂਟ ਦੇ ਜਾਣੂ ਸਨ ।

ਸਵੇਰ ਦਾ ਕੇਸੀ ਇਸ਼ਨਾਨ ਕੀਤਾ ਹੋਇਆ ਦੁਪਹਿਰਾ ਹੋ ਗਿਆ, ਦੁਪਹਿਰ ਢਲ ਕੇ ਲੌਢਾ ਵੇਲਾ ਹੋ ਗਿਆ । ਕਿਸੇ ਨੇ ਛੇਵਾਂ (ਤੇਲ) ਮੰਗਾ ਕੇ ਦੇਣ ਦਾ ਗੁਮੇਹ ਹੀ ਨਾ ਕੀਤਾ । ਐਵੇਂ ਲਾਰੇ ਲਾਈ ਜਾਣ, ਲਿਆ ਕੇ ਕੋਈ ਨਾ ਦੇਵੇ । ਦੋਹਾਂ ਡੰਗਾਂ ਦੇ ਕੜਾਕੇ ਕਟਣੇ ਪਏ । ਦੂਜੇ ਦਿਨ ਐਤਵਾਰ ਸੀ । ਉਸ ਦਿਨ ਜੇਲ੍ਹਰ ਡਿਊਟੀ ਤੇ ਹੀ ਨਾ ਆਇਆ । ਸੁਪ੍ਰੰਟੈਂਡੈਂਟ ਤਾਂ ਐਤਵਾਰ ਨੂੰ ਅਕਸਰ ਉਞ ਹੀ ਨਹੀਂ ਆਇਆ ਕਰਦੇ । ਤੀਜੇ ਦਿਨ ਰੌਂਦ (ਗਸ਼ਤ) ਸੁਪ੍ਰੰਟੈਂਡੈਂਟ ਦੀ ਦੂਜੇ ਆਕਟੇਗਨ (ਗੋਲ) ਦੀ ਸੀ । ਉਸ ਦਿਨ ਉਹ ਉਧਰਲੀ ਹੀ ਪਰੇਟ ਲੈਣ ਵਿਚ ਰੁਝਾ ਰਿਹਾ, ਮੇਰੀ ਕਿਸੇ ਨੇ ਵਾਤ ਹੀ ਨਾ ਪੁਛੀ । ਇਸ ਛੇਵੇਂ (ਤੇਲ) ਵਾਲੇ ਮਾਮਲੇ ਨੂੰ ਮਾਮੂਲੀ ਜਿਹੀ ਗੱਲ ਸਮਝ ਕੇ ਕਿਸੇ ਨੇ ਭੀ ਨਵਾਂ ਅਤੇ ਚੰਗਾ ਛੇਵਾਂ ਨਾ ਮੰਗਵਾ ਕੇ ਦਿਤਾ । ਸੁਪ੍ਰੰਟੈਂਡੈਂਟ ਵਿਚਾਰੇ ਨੂੰ ਇਸ ਗੱਲ ਦਾ ਪਤਾ ਤਕ

ਭੀ ਨਾ ਹੋਇਆ।

ਚੌਥੇ ਦਿਨ ਜਦ ਸੁਪ੍ਰੰਟੈਂਡੈਂਟ ਦੀ ਸਾਡੇ ਵਲ ਗਸ਼ਤ ਆਈ ਤਾਂ ਛੋਟੇ ਅਫ਼ਸਰਾਂ ਨੇ ਜੇਲ੍ਹਰ ਨਾਲ ਮਿਲ ਕੇ ਸਗੋਂ ਮੇਰੀ ਪੇਸ਼ੀ ਕਰ ਦਿਤੀ ਕਿ ਮੈਂ ਚਹੁੰ ਦਿਨਾਂ ਤੋਂ ਭੁੱਖ-ਹੜਤਾਲ ਦਾ ਮੋਰਚਾ ਲਾਇਆ ਹੋਇਆ ਹੈ। ਵਿਚਾਰਾ ਸੁਪ੍ਰੰਟੈਂਡੈਂਟ ਸਣੇ ਆਪਣੇ ਅਮਲੇ ਨਾਲ ਮੇਰੇ ਪਾਸ ਆਇਆ ਅਤੇ ਆਉਂਦਿਆਂ ਹੀ ਉਹ ਇਸ ਬਿਧ ਮੈਨੂੰ ਆਖਣ ਲਗਾ :-

ਸੁਪ੍ਰੰਟੈਂਡੈਂਟ-ਰਣਧੀਰ ਸਿੰਘ, ਜਦੋਂ ਦਾ ਮੈਂ ਇਸ ਜੇਲ੍ਹ ਵਿਚ ਆਇਆ ਹਾਂ, ਇਹ ਪਹਿਲਾ ਮੌਕਾ ਹੈ ਕਿ ਮੇਰੇ ਵਕਤ ਵਿਚ ਭੁੱਖ ਹੜਤਾਲ ਕਰ ਕੇ ਮੈਨੂੰ ਪ੍ਰੇਸ਼ਾਨ ਕੀਤਾ ਗਿਆ ਹੈ। ਐਨੇ ਡੰਗ ਰੋਟੀ ਕਿਉਂ ਨਹੀਂ ਖਾਧੀ ਅਤੇ ਮੇਰੇ ਤੇ ਸੰਤਾਪ ਕਿਉਂ ਚਾੜ੍ਹਿਆ ?

ਮੈਂ-ਜਨਾਬ ! ਮੈਂ ਸੰਤਾਪ ਕਿਸੇ ਉਤੇ ਕੁਛ ਨਹੀਂ ਚਾੜ੍ਹਿਆ ਅਤੇ ਨਾ ਹੀ ਮੈਂ ਜਾਣ ਬੁਝ ਕੇ ਆਪ ਨੂੰ ਪ੍ਰੇਸ਼ਾਨ ਕਰਨ ਲਈ ਭੁੱਖ ਹੜਤਾਲ ਕੀਤੀ ਹੈ। ਇਹ ਤਾਂ ਸੁਤੇ ਸੁਭਾਵ ਹੀ ਐਸਾ ਹੋ ਗਿਆ ਹੈ। ਮੈਂ ਚੌਥੇ ਕੇਸੀ ਇਸ਼ਨਾਨ ਖਾਰ ਸਾਬਣ ਨਾਲ ਕੀਤਾ ਸੀ, ਪਰ ਮੈਨੂੰ ਛੇਵਾਂ (ਤੇਲ) ਕੇਸਾਂ ਨੂੰ ਲਾਉਣ ਲਈ ਨਹੀਂ ਮਿਲਿਆ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੇਲ ਨਹੀਂ ਮਿਲਣਾ ਤਾਂ ਮੈਂ ਖਾਰ ਨਾਲ ਕੇਸੀ ਇਸ਼ਨਾਨ ਹੀ ਨਾ ਕਰਦਾ। ਖਾਰ ਨਾਲ ਕੇਸੀ ਇਸ਼ਨਾਨ ਕਰਨ ਕਰਕੇ, ਕੇਸ ਖ਼ੁਸ਼ਕ ਅਤੇ ਰੁਖੇ ਹੋ ਜਾਂਦੇ ਹਨ ਅਤੇ ਉਲਝ ਭੀ ਜਾਂਦੇ ਹਨ। ਜਿੰਨਾ ਚਿਰ ਤੇਲ ਨਾ ਲਾਈਏ, ਕੰਘਾ ਨਹੀਂ ਕਰ ਸਕੀਦਾ। ਤੇਲ ਲਾ ਕੇ ਹੀ ਕੇਸ ਕੰਘੇ ਨਾਲ ਵਾਹੇ ਜਾ ਸਕਦੇ ਹਨ, ਐਵੇਂ ਨਹੀਂ ਵਾਹੇ ਜਾ ਸਕਦੇ। ਛੇਵਾਂ (ਤੇਲ) ਲਾਉਣ ਨਾਲ ਕੇਸਾਂ ਨੂੰ ਤਰਾਵਤ ਆ ਜਾਂਦੀ ਹੈ। ਤਰਾਵਤ ਆਏ ਕੇਸਾਂ ਨੂੰ ਕੰਘੇ ਨਾਲ ਵਾਹੁਣ ਨਾਲ, ਕੇਸ ਐਵੇਂ ਅਜਾਈਂ ਟੁਟ ਕੇ ਭੁਰਦੇ ਨਹੀਂ। ਅਸਾਂ (ਸਿਖਾਂ) ਨੂੰ ਕੰਘਾ ਰੋਜ਼ ਦੋਨੋਂ ਵਕਤ ਕਰਨ ਦਾ ਤਾਕੀਦੀ ਹੁਕਮ (strict religious order) ਹੈ ਅਤੇ ਬਿਨਾਂ ਕੰਘਾ ਕੀਤੇ ਪ੍ਰਸ਼ਾਦਾ ਛਕਣ ਦੀ ਭੀ ਸਖ਼ਤ ਮੁਮਾਨਿਅਤ ਹੈ। ਸੋ ਮੈਂ ਤਾਂ ਧਾਰਮਿਕ ਹੁਕਮ ਦੀ ਤਾਮੀਲ ਕਰਦੇ ਹੋਇਆਂ ਹੀ ਪ੍ਰਸ਼ਾਦਾ ਨਹੀਂ ਛਕਿਆ। ਕੋਈ


bsrstrust.org

ਪ੍ਰੋਟੈਸਟ ਵਜੋਂ ਆਪ ਦੇ ਹੁਕਮਾਂ ਤੋਂ ਆਕੀ ਹੋ ਕੇ ਐਸਾ ਨਹੀਂ ਕੀਤਾ।

ਇਹ ਸੁਣ ਕੇ ਉਹ ਨੇਕ-ਨਿਹਾਦ ਸੁਪ੍ਰੰਟੈਂਡੈਂਟ ਆਪਣੇ ਸਾਰੇ ਅਮਲੇ ਨਾਲ ਬੜਾ ਹੀ ਨਰਾਜ਼ ਹੋਇਆ ਕਿ ਉਸ ਨੂੰ ਕਿਉਂ ਨਾ ਇਤਲਾਹ ਛੇਤੀ ਦਿਤੀ ਗਈ। ਅਤੇ ਹੁਕਮ ਦਿਤਾ ਕਿ ਫ਼ੌਰਨ ਅਛੀ ਕ੍ਰਿਸਮ ਦਾ ਤੇਲ ਮੰਗਵਾ ਕੇ ਦਿਤਾ ਜਾਵੇ। ਸੋ ਤੇਲ ਅਧੇ ਘੰਟੇ ਦੇ ਅੰਦਰ ਅੰਦਰ ਹੀ ਆ ਗਿਆ। ਸੁਪ੍ਰੰਟੈਂਡੈਂਟ ਖ਼ੁਦ ਆਪਣੇ ਹਥੀਂ ਲੈ ਕੇ ਆਇਆ। ਬੜੀ ਹੀ ਆਜਜ਼ੀ ਨਾਲ ਤੇਲ ਦੀ ਸ਼ੀਸ਼ੀ ਦੇ ਕੇ ਇਉਂ ਆਖਣ ਲਗਾ :—

"ਮੁਆਫ਼ ਕਰਨਾ! ਆਪ ਨੂੰ ਨਾ-ਹੱਕ ਏਨੀ ਤਕਲੀਫ਼ ਹੋਈ ਹੈ। ਇਹ ਭੀ ਮੇਰੀ ਗ਼ੈਰਹਾਜ਼ਰੀ ਦੇ ਕਾਰਨ ਹੋਈ ਹੈ। ਸਾਨੂੰ ਆਪ ਦੇ ਧਾਰਮਿਕ ਜਜ਼ਬਾਤ (Religious sentiments) ਦਾ ਬੜਾ ਹੀ ਅਹਿਸਾਸ ਹੋਣਾ ਚਾਹੀਦਾ ਹੈ, ਪਰ ਅਫ਼ਸੋਸ ਹੈ ਕਿ ਐਤਕੀਂ ਇਹ ਉਲੰਘਣਾ ਹੋ ਗਈ ਹੈ। ਮੇਰੇ ਵਕਤ ਵਿਚ ਫੇਰ ਅਜਿਹਾ ਨਹੀਂ ਹੋਵੇਗਾ।"

ਮੈਂ—ਆਪ ਦਾ ਬੜਾ ਧੰਨਵਾਦ ਹੈ। ਅਸਲ ਗੱਲ ਇਹ ਹੈ ਕਿ ਕੀ ਜੇਲ੍ਹ ਵਿਚ ਕੀ ਬਾਹਰ, ਸਾਰੇ ਸਰਕਾਰੀ ਮਹਿਕਮਿਆਂ ਅੰਦਰ ਫ਼ਰਜ਼-ਸ਼ਿਨਾਸੀ ਅਤੇ ਈਮਾਨਦਾਰੀ ਉਡ ਗਈ ਹੈ। ਆਮ ਸਰਕਾਰੀ ਕਰਮਚਾਰੀ ਸੁਆਰਥ-ਪਸੰਦੀ ਅਤੇ ਮੁਨਾਫ਼ਾ-ਪ੍ਰਸਤੀ ਨੂੰ ਹੀ ਮੁਖ ਰਖਦੇ ਹਨ। ਜੇਲ੍ਹ ਦਾ ਸਟੋਰ ਮੁਹੱਈਆ ਕਰਨ ਵਾਲੇ ਸਸਤੀ ਤੋਂ ਸਸਤੀ ਚੀਜ਼ ਲਿਆਉਂਦੇ ਹਨ ਅਤੇ ਮਹਿੰਗੇ ਤੋਂ ਮਹਿੰਗਾ ਮੁਲ ਸਰਕਾਰੀ ਡੀਪਾਰਟਮੈਂਟ ਤੋਂ ਵਸੂਲ ਕਰਦੇ ਹਨ। ਖ਼ਾਸ ਕਰਕੇ ਜੇਲ੍ਹ ਵਾਲਿਆਂ ਵਿਚ ਤਾਂ ਕੋਈ ਪੁਛਦਾ ਹੀ ਨਾ ਹੋਇਆ। ਗ਼ਰੀਬ ਕੈਦੀਆਂ ਨੇ ਤਾਂ ਕੋਈ ਸ਼ਿਕਾਇਤ ਹੀ ਨਾ ਕਰਨੀ ਹੋਈ, ਜੇ ਕਰਨ ਭੀ ਤਾਂ ਸੁਣਦਾ ਕੋਈ ਨਹੀਂ। ਸਾਨੂੰ ਜੇਲ੍ਹਾਂ ਵਿਚ ਰਹਿ ਰਹਿ ਕੇ ਬੜੇ ਤਲਖ਼ ਤਜਰਬੇ ਹੋ ਚੁਕੇ ਹਨ। ਥੋੜੀਆਂ ਥੋੜੀਆਂ ਗੱਲਾਂ ਵਿਚ ਹੀ ਕਿਰਸਾਂ ਕੱਢਦੇ ਹਨ। ਇਸ ਜੇਲ੍ਹ ਵਿਚ ਸਿਰਫ਼ ਅਠ ਸਿਖ ਕੈਦੀ ਹੀ ਸਾਰੇ ਪੁਲੀਟੀਕਲ ਅਤੇ ਇਖ਼ਲਾਕੀ ਰਲ ਮਿਲ ਕੇ ਮਸਾਂ ਹੀ ਹੋਣਗੇ। ਉਨ੍ਹਾਂ ਵਾਸਤੇ ਮਹੀਨੇ ਵਿਚ ਮਸਾਂ [illegible] ਬੋਤਲ ਨਾਰੀਅਲ ਦੇ ਤੇਲ ਦੀ ਖ਼ਰਚ ਹੁੰਦੀ ਹੋਵੇਗੀ, ਪਰ ਇਹ ਲਗ ਇਸ ਵਿਚ ਵੀ ਆਪਣੀ ਕਿਰਸ

ਕਢਦੇ ਹਨ ਅਤੇ ਰੱਦੀ ਤੋਂ ਰੱਦੀ ਤੇਲ ਲਿਆਉਂਦੇ ਹਨ ਅਤੇ ਵਧੀਆ ਤੋਂ ਵਧੀਆ ਤੇਲ ਦਾ ਮੁੱਲ ਲਾਉਂਦੇ ਹਨ। ਇਉਂ ਤੁਹਾਡੀ ਸਰਕਾਰ ਨੂੰ ਲੁਟਦੇ ਹਨ ਅਤੇ ਵਿਚਾਰੇ ਕੈਦੀਆਂ ਦਾ ਗਲਾ ਘੁਟਦੇ ਹਨ।

ਸੁਪ੍ਰੰਟੈਂਡੈਂਟ ਸਾਰੀਆਂ ਗੱਲਾਂ ਸੁਣੀ ਜਾਂਦਾ ਸੀ ਅਤੇ ਜੇਲ੍ਹਾਂ ਕਰਮਚਾਰੀਆਂ ਦੀਆਂ ਸਾਰੀਆਂ ਖ਼ੁਨਾਮੀਆਂ ਨੂੰ ਭੀ ਤਸਲੀਮ ਕਰੀ ਜਾਂਦਾ ਸੀ। ਸਾਥ ਸਾਥ ਹੀ ਇਨ੍ਹਾਂ ਖ਼ਾਮੀਆਂ ਨੂੰ ਦੂਰ ਕਰਨ ਦੇ ਪਰਯਤਨ ਵਿਚ ਅਗੇ ਨੂੰ ਲਗਣ ਦਾ ਭਰੋਸਾ ਭੀ ਉਸ ਨੇ ਦਿਵਾਇਆ। ਪਰ ਇਹ ਗੱਲਾਂ ਸੁਣਦੇ ਕਰਦੇ ਹੀ ਉਸ ਨੇ ਯਕ-ਲਖ਼ਤ ਸਵਾਲ ਹੋਰ ਛੇੜ ਦਿਤਾ ਤੇ ਪ੍ਰਸ਼ਨ ਕੀਤਾ :—

**ਕੀ ਕੇਸਾਂ ਦਾ ਸਿਰ ਤੇ ਰਖਣਾ ਜ਼ਰੂਰੀ ਹੈ ?**

ਮੈਂ—ਕੀ ਸਿਰ ਦਾ ਸਰੀਰ ਉਤੇ ਰਖਣਾ ਜ਼ਰੂਰੀ ਹੈ ?

ਸੁਪ੍ਰੰ:—ਸਰੀਰ ਤਾਂ ਸਿਰ ਤੋਂ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ।

ਮੈਂ—ਜੇ ਜੀਉਂਦਾ ਰਹਿ ਸਕੇ, ਅਰਥਾਤ ਜੇ ਸਰੀਰ, ਬਿਨਾਂ ਸਿਰ ਦੇ ਜੀਉਂਦਾ ਰਹਿ ਸਕੇ ਤਾਂ ਕੀ ਤੁਸੀਂ ਸਿਰ ਨੂੰ ਸਰੀਰ ਤੋਂ ਲਾਹ ਛਡੋ ? ਅਰਥਾਤ ਸੀਸ ਨੂੰ ਸਰੀਰ ਤੇ ਨਾ ਰਖੋ।

ਸੁਪ੍ਰੰ:—ਸੀਸ ਤਾਂ ਸਰੀਰ ਦਾ ਹਿੱਸਾ ਹੈ ਅਤੇ ਸਭ ਤੋਂ ਸ੍ਰੇਸ਼ਟ ਹਿੱਸਾ ਹੈ। ਸੀਸ ਨਾਲ ਮਿਲ ਕੇ ਹੀ ਸਾਰਾ ਸਰੀਰ ਬਣਦਾ ਹੈ। ਸੀਸ ਨਾ ਹੋਵੇ ਤਾਂ ਸਰੀਰ ਰਹਿੰਦਾ ਹੀ ਨਹੀਂ।

ਮੈਂ—ਕੀ ਇਸ ਸੀਸ ਨੂੰ ਸਰੀਰ ਉਤੇ ਤੁਸੀਂ ਆਪ ਰੱਖਿਆ ਹੋਇਆ ਹੈ ?

ਸੁਪ੍ਰੰ:—ਨਹੀਂ, ਈਸ਼ਵਰ ਨੇ ਰੱਖਿਆ ਹੋਇਆ ਹੈ।

ਮੈਂ—ਈਸ਼ਵਰ ਨੇ ਏਸ ਸੀਸ ਨੂੰ ਤੁਹਾਡੇ ਸਰੀਰ ਤੇ ਰੱਖਿਆ ਹੋਇਆ ਹੈ, ਜੇ ਆਪ ਤੁਹਾਡਾ ਰੱਖਿਆ ਹੋਇਆ ਹੋਵੇ ਤਾਂ ਸ਼ਾਇਦ ਤੁਸੀਂ ਇਸ ਨੂੰ ਭੀ ਲਾਹ ਸੁਟੋ ਅਤੇ ਇਸ ਭਾ[illegible] ਭੀ ਨਾ ਰਖੋ।

ਸੁਪ੍ਰੰ:—ਹਾਂ ਜੀ, ਈਸ਼ਵਰ ਦੀ ਰਖੀ ਹੋਈ ਚੀਜ਼ ਨੂੰ ਅਸੀਂ ਕਿਵੇਂ

 bsrstrust.org

ਲਾਹ ਸਕਦੇ ਹੋ ?

ਮੈਂ—ਜੇ ਭਲਾ ਤੁਹਾਡਾ ਜਾਂ ਕਿਸੇ ਦਾ ਇਹ ਈਸ਼ਵਰੀ ਰਖਿਆ ਸੀਸ, ਸਰੀਰ ਤੋਂ ਕੋਈ ਲਾਹ ਦੇਵੇ ਤਾਂ ਤੁਸੀਂ ਉਸ ਨੂੰ ਕੀ ਆਖੋ ?

ਸੁਪ੍ਰੰ:—ਜ਼ਾਲਮ, ਅੱਤਿਆਚਾਰੀ, ਕਾਤਲ, ਖ਼ੂਨੀ।

ਮੈਂ—ਜੇ ਕੋਈ ਹੋਰ ਤੁਸਾਂ ਨੂੰ ਇਹ ਸਵਾਲ ਕਰੇ ਕਿ ਤੁਸੀਂ ਸੀਸ ਨੂੰ ਕਿਉਂ ਰਖਿਆ ਹੈ ?

ਸੁਪ੍ਰੰ:—ਇਹ ਉਸ ਸਵਾਲ ਕਰਨਹਾਰੇ ਦੀ ਬੇਵਕੂਫ਼ੀ ਹੋਵੇਗੀ।

ਮੈਂ—ਜਿਸ ਤਰ੍ਹਾਂ ਸਾਡਾ ਸੀਸ ਈਸ਼ਵਰ ਨੇ ਸਰੀਰ ਪਰ ਆਪ ਰਖਿਆ ਹੋਇਆ ਹੈ, ਉਸੇ ਤਰ੍ਹਾਂ ਸਾਡੇ ਤੁਹਾਡੇ ਸੀਸ ਉਪਰ ਕੇਸ ਸਾਡੇ ਜਾਂ ਤੁਹਾਡੇ ਆਪ ਰਖੇ (ਪੈਦਾ ਕੀਤੇ) ਹੋਏ ਨਹੀਂ। ਇਹ ਵੀ ਈਸ਼ਵਰ ਦੇ ਰਖੇ ਹੋਏ ਹਨ। ਤਾਂ ਤੇ ਆਪ ਦਾ, ਦਾਸ ਨੂੰ ਇਹ ਸਵਾਲ ਕਰਨਾ ਕਿ "ਕੀ ਕੇਸਾਂ ਦਾ ਸਿਰ ਤੇ ਰਖਣਾ ਜ਼ਰੂਰੀ ਹੈ ?" ਬਣਦਾ ਹੀ ਨਹੀਂ, ਕਿਉਂਕਿ ਮੈਂ ਤਾਂ ਇਹ ਆਪ ਰਖੇ ਹੀ ਨਹੀਂ ਹੋਏ। ਈਸ਼ਵਰ (ਅਕਾਲ ਪੁਰਖ) ਦੇ ਪੈਦਾ ਕੀਤੇ ਹੋਏ ਅਤੇ ਰਖੇ ਹੋਏ ਹਨ। ਜਿਸ ਪਰਕਾਰ ਸਰੀਰ ਉਤੇ ਸੀਸ ਈਸ਼ਵਰ ਦਾ ਰਖਿਆ ਹੋਇਆ ਹੈ, ਏਸ ਪਰਕਾਰ ਸੀਸ ਉਤੇ ਕੇਸ ਭੀ ਉਸੇ ਈਸ਼ਵਰ ਦੇ ਰਖੇ ਹੋਏ ਹਨ।ਈਸ਼ਵਰ ਦੇ ਰਖੇ ਹੋਏ ਸੀਸ ਦੀ ਰਖਿਆ ਪਾਲਨਾ ਕਰਨੀ ਜਿਸ ਪਰਕਾਰ ਸਾਡਾ ਮੁਖ ਫ਼ਰਜ਼ ਹੈ, ਏਸ ਪ੍ਰਕਾਰ ਈਸ਼ਵਰ ਦੇ ਰਖੇ ਹੋਏ ਕੇਸਾਂ ਦੀ ਰਖਿਆ ਪਾਲਨਾ ਕਰਨੀ ਭੀ ਕੁਦਰਤਨ ਸਾਡਾ ਹਰੇਕ ਪ੍ਰਾਣੀ ਦਾ ਪਰਮ ਧਰਮ ਹੈ। ਸੀਸ ਨੂੰ ਸਰੀਰ ਤੇ ਨਾ ਰਖਣ ਵਾਲੇ ਨੂੰ, ਅਰਥਾਤ ਈਸ਼ਵਰ ਦੀ ਦਾਤਿ ਸੀਸ ਨੂੰ ਸਰੀਰ ਤੋਂ ਲਾਹ ਦੇਣ ਵਾਲੇ ਨੂੰ ਤਾਂ ਤੁਸੀਂ ਜ਼ਾਲਮ ਅਤਿਆਚਾਰੀ ਕਾਤਲ ਅਤੇ ਖ਼ੂਨੀ ਦਸਦੇ ਹੋ, ਕੀ ਸੀਸ ਦੇ ਉਪਰ ਈਸ਼ਵਰ ਦੀ ਦਿਤੀ ਅਤੇ ਰਖੀ ਹੋਈ ਦਾਤਿ ਨੂੰ ਲਾਹ ਦੇਣ ਵਾਲੇ, ਕਤਲ ਕਰ ਦੇਣ ਵਾਲੇ, ਕਟ ਦੇਣ ਵਾਲੇ ਯਾ ਘਰੜ ਮੁਨਾ ਦੇਣ ਵਾਲੇ ਭੀ ਜ਼ਾਲਮ ਅਤਿਆਚਾਰੀ ਅਤੇ ਕਾਤਲ ਨਹੀਂ ? ਈਸ਼ਵਰ ਦੀ ਦਿਤੀ ਹੋਈ ਅਮਾਨਤ ਭੰਨਣ ਤੋੜਨ ਅਤੇ ਬਿਨਾਸਨਹਾਰੇ ਬੇ-ਈਮਾਨ, ਜਾਬਰ ਅਤੇ ਕਾਤਲ ਨਹੀਂ ? ਮੇਰੇ ਖ਼ਿਆਲ ਵਿਚ ਤਾਂ ਖ਼ੂਨੀ ਹੀ ਹਨ।


bsrstrust.org

ਸੁਪ੍ਰੀ:–ਨਹੀਂ, ਖ਼ੂਨੀ ਤਾਂ ਨਹੀਂ ਕਹਿ ਸਕਦੇ, ਹੋਰ ਭਾਵੇਂ ਕੁਛ ਕਹਿ ਲਵੋ।

ਮੈਂ–ਕਿਉਂ ? ਖ਼ੂਨੀ ਕਿਉਂ ਨਹੀਂ ਕਹਿ ਸਕਦੇ ?

ਸੁਪ੍ਰੀ:–ਕੇਸਾਂ ਦੇ ਕਟਾਇਆਂ ਖ਼ੂਨ ਤਾਂ ਨਹੀਂ ਨਿਕਲਦਾ।

ਮੈਂ--ਤਾਂ ਤੁਹਾਡੇ ਖ਼ਿਆਲ ਵਿਚ ਜੇ ਖ਼ੂਨ ਨਿਕਲੇ ਤਾਂ ਹੀ ਖ਼ੂਨ ਕੀਤਾ ਪਰਵਾਨ ਹੈ। ਭਲਾ ਜੇ ਕੋਈ ਕਿਸੇ ਨੂੰ ਗਲਾ ਘੁਟ ਕੇ ਮਾਰ ਦੇਵੇ ਤਾਂ ਕੀ ਉਹ ਖ਼ੂਨੀ ਨਹੀਂ ? ਤੁਹਾਡੇ ਪਹਿਲੇ ਕਹੇ ਅਨੁਸਾਰ ਤਾਂ ਉਹ ਖ਼ੂਨੀ ਨਹੀਂ ਕਹਾਵੇਗਾ, ਕਿਉਂਕਿ ਗਲ ਘੁਟ ਕੇ ਮਾਰਨ ਨਾਲ ਖ਼ੂਨ ਭੀ ਨਹੀਂ ਨਿਕਲਦਾ ਤੇ ਮੌਤ ਭੀ ਹੋ ਜਾਂਦੀ ਹੈ। ਲਫ਼ਜ਼ੀ ਬਹਿਸ ਵਿਚ ਪੈਣਾ ਫ਼ਜ਼ੂਲ ਹੈ, ਪਰ ਇਹ ਗੱਲ ਤੁਸੀਂ ਸਾਫ਼ ਮੰਨੋਗੇ ਕਿ ਅਜ ਕਲ੍ਹ ਦੇ ਮਾਰਨ ਦੇ ਨਵੀਨ ਤਰੀਕੇ ਅਤੇ ਪਿਛਲੇ ਭੀ ਕਈ ਤਰੀਕੇ ਐਸੇ ਹਨ ਕਿ ਪ੍ਰਾਣੀ ਦੇ ਪ੍ਰਾਣ ਹੱਤ ਕਰਦਿਆਂ ਖ਼ੂਨ ਦਾ ਇਕ ਤੁਬਕਾ ਭੀ ਨਹੀਂ ਡੁਲ੍ਹਦਾ। ਜੇ ਖ਼ੂਨੀ ਐਸੇ ਤਰੀਕੇ ਨਾਲ ਪ੍ਰਾਣ ਹੱਤ ਕਰਨ ਤਾਂ ਕੀ ਅਜਿਹੇ ਖ਼ੂਨੀ ਕਾਤਲ ਨਹੀਂ ? ਜਾਬਰ ਨਹੀਂ ? ਅਤਿਆਚਾਰੀ, ਜ਼ਾਲਮ ਨਹੀਂ ਤਾਂ ਤੁਸੀਂ ਹੋਰ ਕੀ ਆਖੋਗੇ ?

ਸੁਪ੍ਰੀ:--ਪਰ ਜੀ ! ਮੁਆਫ਼ ਕਰਨਾ, ਕਟਿਆ ਹੋਇਆ ਸੀਸ ਤਾਂ ਮੁੜ ਕੇ ਫੇਰ ਨਹੀਂ ਜੁੜਦਾ, ਨਾ ਹੀ ਸੁਰਜੀਤ ਹੁੰਦਾ ਹੈ, ਮਾਰਿਆ ਹੋਇਆ ਫੇਰ ਜੀਉਂਦਾ ਨਹੀਂ ਹੋ ਸਕਦਾ, ਪਰ ਕਟੇ ਹੋਏ ਕੇਸ ਤਾਂ ਫਿਰ ਹਰੇ ਹੋ ਜਾਂਦੇ ਹਨ। ਏਸ ਕਰਕੇ ਸੀਸ ਕਟਣ ਅਤੇ ਕੇਸ ਕਟਣ ਵਿਚ ਬਹੁਤ ਫ਼ਰਕ ਹੈ, ਜੈਸਾ ਕਿ ਕੇਸ ਕਟਣ ਅਤੇ ਸੀਸ ਕਟਣ ਦੇ ਜੁਰਮ ਵਿਚ ਵੀ ਬੜਾ ਫ਼ਰਕ ਹੈ।

ਮੈਂ--ਕੀ ਤੁਸੀਂ ਆਵਾਗਵਨ ਦੇ ਮਸਲੇ ਨੂੰ ਮੰਨਦੇ ਹੋ ?

ਸੁਪ੍ਰੀ:--ਹਾਂ, ਮੈਂ ਮੰਨਦਾ ਹਾਂ।

ਮੈਂ--ਤੁਹਾਡਾ, ਸੀਸ ਦੇ ਕਟਿਆਂ ਭੀ ਮਰਦਾ ਕੁਛ ਨਹੀਂ। ਆਤਮਾ ਤਾਂ ਮੁੜ ਮੁੜ ਫੇਰ ਜਨਮ ਲੈ ਲੈਂਦਾ ਹੈ, ਤਾਂ ਤੇ ਜਿਹੜੇ ਜਾਨਾਂ ਨੂੰ ਮਾਰਦੇ ਹਨ ਉਹ ਮਾਰਦੇ ਕੁਛ ਨਹੀਂ, ਕੇਵਲ ਜੀਵਾਂ ਦੀ ਚੁਰਾਸ.


bsrstrust.org

ਕਟਦੇ ਹਨ, ਆਵਾਗਵਨ ਦੇ ਸਿਲਸਿਲੇ ਨੂੰ ਛੇਤੀ ਹੀ ਮੁਕਾਉਂਦੇ ਹਨ ਅਤੇ ਉਪਕਾਰ ਕਰਦੇ ਹਨ। ਪਰ ਮੁਕਦਾ ਫੇਰ ਭੀ ਨਹੀਂ। ਓਹਨਾਂ ਤਾਂ ਮਾਰਿਆਂ ਨਹੀਂ ਮਰਨਾ, ਫੇਰ ਫੇਰ ਜੂਨ ਸ਼ਗੂਫ਼ੇ ਉਗਵਦੇ ਹਨ। ਜੀਵ ਨੂੰ ਮਾਰਨਹਾਰੇ ਦਾ ਯਤਨ ਬਿਰਥਾ ਹੈ, ਉਪਕਾਰ ਕੋਈ ਨਹੀਂ, ਨਾ ਹੀ ਕੋਈ ਗੁਣ ਹੈ। ਏਸੇ ਤਰ੍ਹਾਂ ਮੁੜ ਮੁੜ ਕੇ ਕੇਸ ਕਟਣਹਾਰਿਆਂ ਦਾ ਗੁਣ ਉਪਕਾਰ ਕੁਛ ਨਹੀਂ। ਕਟੇ ਹੋਏ ਕੇਸ ਮੁੜ ਮੁੜ ਕੇ ਫੇਰ ਉਗਵਦੇ ਹਨ, ਜਿਵੇਂ ਪ੍ਰਾਣ ਹੱਤ ਕੀਤਾ ਹੋਇਆ ਪ੍ਰਾਣੀ ਮੁੜ ਮੁੜ ਕੇ ਫੇਰ ਜਨਮ ਲੈਂਦਾ ਹੈ। ਹਾਂ, ਏਤਨਾ ਫ਼ਰਕ ਜ਼ਰੂਰ ਹੈ ਕਿ ਜੀਵ-ਆਤਮਾ ਕਦੇ ਕਿਸੇ ਜੂਨ ਵਿਚ ਕਦੇ ਕਿਸੇ ਵਿਚ ਮੁੜ ਮੁੜ ਜਨਮ ਲੈਂਦਾ ਹੈ, ਪਰ ਜੀਵ-ਹਤਿਆ ਕਰਨਹਾਰੇ ਨੂੰ ਦੀਹਦਾ ਨਹੀਂ। ਕਟੇ ਹੋਏ ਕੇਸ ਮੁੜ ਮੁੜ ਕੇ ਓਵੇਂ ਸੀਸ ਉਤੇ ਉਗਵਦੇ ਹਨ ਅਤੇ ਉਗਵਦੇ ਹੀ ਰਹਿੰਦੇ ਹਨ। ਕਟਣ ਕਟਾਉਣਹਾਰਾ ਮੂਰਖ ਹੋ ਕੇ ਕੇਸਾਂ ਨੂੰ ਕਟਦਾ ਹੈ ਅਤੇ ਨਿਤ ਨਵੇਂ ਦਿਨ ਉਸ ਦੇ ਮੂੰਹ ਉਤੇ ਚਪੇੜ ਲਗਦੀ ਹੈ, ਕਟੇ ਹੋਏ ਕੇਸ ਫੇਰ ਉਗਵ ਖਲੋਂਦੇ ਹਨ। ਦੋਹਾਂ ਦਾ ਯਤਨ ਬਿਰਥਾ ਅਤੇ ਨਿਰੀ ਮੂਰਖਤਾ ਵਾਲਾ ਸਿਧ ਹੁੰਦਾ ਹੈ। ਜਿਸ ਪ੍ਰਕਾਰ ਜੀਵ-ਆਤਮਾ ਦੀ ਜੀਵਨ-ਕਲਾ-ਅੰਸ ਪ੍ਰਮਾਤਮਾ ਦੀ ਜਗ-ਜੀਵਨ ਸ਼ਕਤ-ਕਲਾ ਅੰਦਰ ਮੌਜੂਦ ਹੈ ਏਸੇ ਪਰਕਾਰ ਕੇਸਾਂ ਦੀ ਜੀਵਨ-ਕਲਾ-ਅੰਸ਼ ਜੀਉਂਦੀ ਜਾਗਦੀ ਸੀਸ ਅਤੇ ਸਰੀਰ ਅੰਦਰ ਉਦੋਂ ਤਾਈਂ ਮੌਜੂਦ ਰਹਿੰਦੀ ਹੈ ਜਦ ਤਾਈਂ ਕਿ ਸਰੀਰ ਅਤੇ ਸੀਸ ਦਾ ਨਾਸ ਨਹੀਂ ਹੁੰਦਾ। ਸੀਸ ਅਤੇ ਸਰੀਰ ਉਤੇ ਰੋਮ ਰੋਮ ਦਾ ਉਸੇ ਕੁਦਰਤੀ ਹਾਲਤ ਵਿਚ ਕਾਇਮ ਰਹਿਣਾ ਪਰਮ ਜ਼ਰੂਰੀ ਹੈ ਜਿਸ ਵਿਚ ਕਿ ਕਾਦਰ ਈਸ਼ਵਰ ਨੇ ਰੋਮ ਰੋਮ ਨੂੰ ਕਾਇਮ ਅਤੇ ਸੁਰਜੀਤ ਰਖਿਆ ਹੋਇਆ ਹੈ। ਸਰੀਰ ਦੇ ਹਰੇਕ ਹਿਸੇ ਉਤੇ ਕੁਦਰਤੀ ਉਗਵਾਉ ਅਨੁਸਾਰ ਉਗਵੇ ਹੋਏ ਰੋਮ ਥਾਉਂ ਥਾਈਂ ਸੁਤੇ ਹੀ ਉਸ ਹਾਲਤ ਵਿਚ ਕਾਇਮ ਖੜੋਤੇ ਰਹਿ ਜਾਂਦੇ ਹਨ, ਜੈਸਾ ਕਿ ਕੁਦਰਤ ਨੇ ਉਨ੍ਹਾਂ ਨੂੰ ਰਖਿਆ ਹੈ। ਸੀਸ ਦੇ ਰੋਮ ਕੁਦਰਤੀ ਨਸ਼ਵੋ-ਨੁਮਾ ਅਨੁਸਾਰ ਉਤਨੀ ਹੀ ਲੰਬਾਈ ਅਖਤਿਆਰ ਕਰਦੇ ਹਨ ਜਿਤਨੀ ਕਿ ਕੁਦਰਤ ਨੂੰ ਮਨਜ਼ੂਰ ਹੈ। ਇਕ ਖ਼ਾਸ ਹਦ ਉਤੇ ਆ ਕੇ ਕੇਸ



bsrstrust.org

ਆਪ ਹੀ ਵਧਣੋਂ ਬੰਦ ਹੋ ਜਾਂਦੇ ਹਨ। ਉਸ ਕੁਦਰਤੀ ਵਧੇ ਵਧਾਉ ਤੋਂ ਬਨਾਵਟੀ ਵਧਾਉ ਸੀਗਾਰ ਦੁਆਰਾ ਆਰਾਸਤਾ ਪੈਰਾਸਤਾ ਕਰ ਕੇ ਕੇਸਾਂ ਨੂੰ ਵਧਾਉਣਾ ਘਟਾਉਣਾ, ਵਧਾਉਣਹਾਰੇ ਬੰਦੇ ਦੀ ਮਹਾਂ ਮੂਰਖਤਾ ਹੈ ਅਤੇ ਕਾਨੂੰਨੇ ਕੁਦਰਤ ਤੋਂ ਉਲਟ ਚਲਣ ਵਾਲੀ ਗੱਲ ਹੈ। ਇਸਤ੍ਰੀਆਂ ਦੇ ਮੂੰਹ ਉਤੇ ਕੁਦਰਤੀ ਤੌਰ ਤੇ ਕੇਸ ਯਾ ਰੋਮ ਉਗਦੇ ਹੀ ਨਹੀਂ। ਜੇ ਕੋਈ ਉਗਵਾਉਣਾ ਚਾਹੇ ਤਾਂ ਉਸ ਦਾ ਯਤਨ ਬਿਰਥਾ ਹੈ। ਸੋ ਇਸ ਪਰਕਾਰ ਇਸਤ੍ਰੀਆਂ ਦੇ ਮੂੰਹ ਉਤੇ ਕੁਦਰਤ ਤੋਂ ਉਲਟ ਕੇਸ ਰੋਮ ਉਗਾਉਣਾ ਜਹਾਲਤ ਹੈ, ਏਸੇ ਪਰਕਾਰ ਇਸਤ੍ਰੀ ਮਰਦ ਦੇ ਸੀਸ ਉਤੇ ਕੁਦਰਤੀ ਉਗਾਉ ਅਨੁਸਾਰ ਉਗਵੇ ਅਤੇ ਉਗਵ ਖਲੋਤੇ ਕੇਸਾਂ ਨੂੰ ਕਟਾਉਣਾ ਯਾ ਵਧਾਉਣਾ ਘਟਾਉਣਾ ਭੀ ਜਹਾਲਤ ਹੈ। ਮਰਦ ਦੇ ਮੁਖ ਚੇਹਰਿਆਂ ਉਤੇ ਕਾਦਰ ਦੀ ਕੁਦਰਤ ਨੇ ਦਾੜ੍ਹੀਆਂ ਦਿਤੀਆਂ, ਉਗਵਾਈਆਂ, ਪਰ ਸੰਸਾਰ ਦੇ ਫੈਸ਼ਨ-ਪ੍ਰਸਤ ਆਦਮੀ ਨਿਤ ਨਵੇਂ ਸੂਰਜ ਦਾੜ੍ਹਾ ਮੁਨਵਾ ਮੁਨਵਾ ਕੇ ਤੀਵੀਆਂ ਬਣਨਾ ਚਾਹੁੰਦੇ ਹਨ, ਪਰ ਕੁਦਰਤ ਉਨ੍ਹਾਂ ਨੂੰ ਬਣਨ ਨਹੀਂ ਦਿੰਦੀ। ਉਹ ਦਾੜ੍ਹੀਆਂ ਨੂੰ ਚੱਟਮ ਕਰਾਉਂਦੇ ਹਨ, ਪਰ ਕੁਦਰਤ ਉਹਨਾਂ ਦੇ ਮੂੰਹ ਤੇ ਚਪੇੜ ਮਾਰਦੀ ਹੈ। ਦੂਹਰੀਆਂ ਚਪੇੜਾਂ ਨਿਤ ਸਹਿੰਦੇ ਹਨ। ਇਕ ਤਾਂ ਉਸਤਰੇ ਦਾ ਪਉਲਾ ਅਤੇ ਦੂਜੇ ਕੁਦਰਤ ਦਾ ਚਪੜਾਉਲਾ (ਚਪੇੜ) ਜ਼ੋਰ ਜ਼ੋਰ ਨਿਤਾ-ਪ੍ਰਤਿ ਉਨ੍ਹਾਂ ਦੇ ਮੂੰਹ ਉਤੇ ਪੈਂਦਿਆਂ ਭੀ ਉਨ੍ਹਾਂ ਨੂੰ ਸੋਝੀ ਨਹੀਂ ਆਉਂਦੀ। ਜਿਥੇ ਕਾਨੂੰਨੇ ਕੁਦਰਤ ਦੀ ਹਮਸਰੀ ਕਰਨਹਾਰਿਆਂ ਮਰਦਾਂ ਨੇ ਦਾੜ੍ਹੀ ਮੂੰਹ ਮੁਛਾਂ ਮੁਨਾ ਕੇ ਤ੍ਰੀਮਤਾਂ (ਤੀਮੀਆ) ਨਾ ਬਣ ਸਕਣ ਵਲੋਂ ਮੂੰਹ ਦੀ ਖਾਧੀ ਹੈ, ਉਥੇ ਹੁਣ ਕਾਨੂੰਨੇ ਕੁਦਰਤ ਤੋਂ ਖ਼ੁਦਸਰੀ ਅਤੇ ਸਰਕਸ਼ੀ ਕਰਨਹਾਰੀਆਂ ਤ੍ਰੀਮਤਾਂ ਨੇ ਮਰਦਾਂ ਦੀ ਰੀਸੋ ਰੀਸੀ ਸਿਰ-ਮੁੰਨੀਆਂ ਬਣ ਕੇ ਪਰਲੇ ਦਰਜੇ ਦੀ ਸ਼ਰਮਿੰਦਗੀ ਅਤੇ ਨਿਰਲਜਤਾ ਸਹੇੜੀ ਹੈ, ਪਰ ਖਟਿਆ ਦੋਹਾਂ ਨੇ ਕੱਖ ਨਹੀਂ। ਸਵਾਲ ਤਾਂ ਸਗੋਂ ਇਹ ਹੋਣਾ ਚਾਹੀਦਾ ਸੀ ਕਿ ਈਸ਼ਵਰ ਦੀ ਦਿਤੀ ਦਾਤਿ ਅਮਾਨਤ ਕੇਸਾਂ ਨੂੰ ਕਿਉਂ ਕਟਾਇਆ ਜਾਂਦਾ ਹੈ ਅਤੇ ਕਿਉਂ ਨਹੀਂ ਸੀਸ ਤੇ ਯਾ ਕੁਦਰਤੀ ਹਾਲਤ ਵਿਚ ਕਾਇਮ ਰਖਿਆ ਜਾਂਦਾ, ਸਗੋਂ ਉਲਟ



bsrstrust.org

ਪੁਲਟ ਸਵਾਲ ਕਾਨੂੰਨੇ ਕੁਦਰਤ ਦੀ ਮੁਖ਼ਾਲਫ਼ਤ ਦੇ ਹੀ ਕੀਤੇ ਜਾਂਦੇ ਹਨ। ਅਸਲ ਗੱਲ ਇਹ ਹੈ ਕਿ ਕਾਨੂੰਨੇ ਕੁਦਰਤ ਦੀ ਮੁਖ਼ਾਲਫ਼ਤ ਕਰਨਹਾਰਿਆਂ ਦੀ ਬਹੁਤਾਤ (ਮੈਜਾਰਟੀ) ਹੈ। ਬਹੁਤਿਆਂ ਦਾ ਸਿਰ-ਮੂੰਹ ਮੁਨਾਉਣਾ ਤੇ ਸਦੀਆਂ ਤੋਂ ਮੁਨਾਉਂਦੇ ਆਉਣ ਦੀ ਭੇਡਾ-ਚਾਲ ਨੇ ਇਸ ਭੇਡ-ਚਾਲ ਨੂੰ ਹੀ ਕੁਦਰਤ ਕਾਨੂੰਨ ਗਰਦਾਨ ਛਡਿਆ ਹੈ ਅਤੇ ਅਸਲ ਕੁਦਰਤੀ ਕਾਨੂੰਨ ਅਨੁਸਾਰਤਾ ਵਾਲੇ ਵੇਸ ਨੂੰ ਗ਼ੈਰ ਕੇਸਾਧਾਰੀ ਜਾਣ ਲਿਆ। ਵਜ੍ਹਾ ਇਹ ਹੈ ਕਿ ਕਾਦਰ ਦੇ ਕੁਦਰਤੀ ਕਾਨੂੰਨ ਅਨੁਸਾਰ ਚਲਣਹਾਰੇ ਬਹੁਤ ਵਿਰਲੇ ਤੇ ਥੋੜੇ ਹਨ। ਸਿਖ ਕੌਮ ਤੋਂ ਛੁਟ ਸਰਬ ਮਹਾਨ ਕੌਮਾਂ ਦੇ ਲੱਖਾਂ ਕਰੋੜਾਂ ਮਨੁੱਖਾਂ ਵਿਚੋਂ ਕੋਈ ਇਕ-ਅੱਧ ਜੇ ਕਿਸੇ ਸਕੇਸ਼ ਖ਼ਾਲਸਈ ਸਾਬਤ ਸੂਰਤ ਵਾਲੇ ਬੰਦੇ ਨੂੰ ਵੇਖ ਲੈਂਦਾ ਹੈ ਤਾਂ ਉਸ ਨੂੰ ਆਪਣੀ ਵਿਗੜੀ ਹੋਈ ਸਿਰ-ਮੁੰਨੀ-ਸ਼ਕਲ ਦੇ ਬਿਗੜਪਣ ਦਾ ਤਾਂ ਅਹਿਸਾਸ ਬਾਕੀ ਨਹੀਂ ਰਿਹਾ ਹੁੰਦਾ, ਵਿਲੱਖਣੀ ਸੂਰਤ-ਮੂਰਤੀ ਵਾਲੇ ਨੂੰ ਵੇਖ ਕੇ ਅਚੰਭਾ ਹੁੰਦਾ ਹੈ ਤੇ ਇਸ ਤਰ੍ਹਾਂ ਦੇ ਸਵਾਲ ਹੁੰਦੇ ਹਨ:—"ਕਿ ਕੀ ਕੇਸ ਰਖਣੇ ਜ਼ਰੂਰੀ ਹਨ?" ਉਸ ਨੂੰ ਇਹ ਅਗਿਆਨਤਾ ਪਤਾ ਨਹੀਂ ਕਿਉਂ ਹੋ ਗਈ ਹੁੰਦੀ ਹੈ ਕਿ ਕੇਸ ਸਾਡੇ ਸਰੀਰ ਦਾ ਐਨ ਇਹੋ ਜਿਹਾ ਜ਼ਰੂਰੀ ਅੰਗ ਨਹੀਂ ਜਿਹਾ ਕਿ ਹੱਡ, ਮਾਸ ਆਦਿਕ। ਜਿਤਨੇ ਭੀ ਸਾਰੇ ਸਰੀਰ ਦੇ ਮੁਸਾਮ ਹਨ ਉਤਨੀ ਹੀ ਰੋਮਾਵਲੀ ਹੈ। ਕੁਦਰਤੇ-ਕਾਨੂੰਨ ਦੇ ਮੰਨਣਹਾਰੇ ਖ਼ਾਲਸ ਬੰਦੇ ਨੂੰ ਇਸ ਰੋਮਾਵਲੀ ਦੇ ਇਕ ਰੋਮ ਦਾ ਖੇਦਨ ਕਰਨਾ ਭੀ ਇਤਨਾ ਹੀ ਗੁਨਾਹ ਹੈ ਜਿਤਨਾ ਕਿ ਇਲਮਿ ਤਿੱਬ ਦੇ ਜਾਨਣ ਵਾਲਿਆਂ ਲਈ ਸਰੀਰ ਦੇ ਇਕ ਮੁਸਾਮ ਨੂੰ ਬੰਦ ਕਰ ਦੇਣ ਵਾਲਾ ਜੁਰਮ ਹੈ।

ਇਹ ਬੜਾ ਲੰਬਾ ਏਡੀ ਵਿਸਥਾਰਤਾ ਵਾਲਾ ਸਵਾਲ ਆਪ ਨੇ ਛੇੜਿਆ ਹੈ ਜਿਸ ਉਪਰ ਪੁਸਤਕਾਂ ਦੇ ਪੁਸਤਕ ਅਤੇ ਰਸਾਲਿਆਂ ਦੇ ਰਸਾਲੇ ਲਿਖੇ ਜਾ ਸਕਦੇ ਹਨ। ਇਤਨਾ ਵੇਹਲ ਨਾ ਆਪ ਨੂੰ, ਨਾ ਮੈਨੂੰ ਹੀ ਏਤਨੀ ਫ਼ੁਰਸਤ ਹੈ ਕਿ ਖੋਲ੍ਹ ਕੇ ਪ੍ਰਸਪਰ ਇਸ ਵਿਸ਼ੇ ਉਤੇ ਵਿਚਾਰ ਸਕੀਏ। ਇਹੋ ਜਿਹੀਆਂ ਹੁਜਤਾਂ ਵਾਲੇ ਵਿਤੰਡਾਵਾਦ ਅਕਸਰ ਆਰੀਆ ਸਮਾਜੀ ਹੀ ਉਠਾਇਆ ਕਰਦੇ ਹਨ। ਕੀ ਆਪ ਨੂੰ ਭੀ ਆਰੀਆ ਸਮਾਜ



bsrstrust.org

ਦਾ ਪਾਹ ਤਾਂ ਨਹੀਂ ਲਗਿਆ ਹੋਇਆ ?

ਸੁਪ੍ਰੰ:–(ਹੱਸ ਕੇ) ਨਹੀਂ, ਮੈਂ ਏਤਨਾ ਕਟਰ ਆਰੀਆ ਸਮਾਜੀ ਤਾਂ ਨਹੀਂ ਕਿ ਵਿਤੰਡਾਵਾਦੀ ਹੀ ਹੋਵਾਂ। ਚਾਹੇ ਮੇਰੀ ਰੁਚੀ ਕੁਛ ਕੁ ਆਰੀਆ ਸਮਾਜ ਵਲ ਹੀ ਹੈ। ਪਰ ਅਜ ਜੋ ਸਵਾਲ ਮੈਂ ਆਪ ਦੇ ਅਗੇ ਕੀਤਾ ਹੈ, ਸੁਤੇ ਸਿਧ ਹੀ ਕੀਤਾ ਹੈ। ਕਿਸੇ ਵਿਤੰਡਾਵਾਦ ਨੂੰ ਮੁਖ ਰਖ ਕੇ ਬਹਿਸ ਕਾਰਨ ਨਹੀਂ ਕੀਤਾ, ਖੋਜੀ ਬਣ ਕੇ ਕੀਤਾ ਹੈ। ਚਾਹੇ ਆਪ ਨੇ ਕੁਝ ਕਰੜੇ ਪਦ ਵਰਤੇ ਹਨ, ਪਰ ਮੈਨੂੰ ਆਪ ਦੀਆਂ ਦਲੀਲਾਂ ਦੀ ਲੜੀ ਬਹੁਤ ਪਸੰਦ ਆਈ ਹੈ। ਮੇਰੀ ਬਹੁਤ ਸਾਰੀ ਸੰਸਾ-ਨਿਵਿਰਤੀ ਹੋ ਗਈ ਹੈ। ਆਪ ਨੂੰ ਚਾਹੀਦਾ ਹੈ ਕਿ ਜੇਲ੍ਹੋਂ ਬਾਹਰ ਨਿਕਲ ਕੇ ਇਕ ਵਧੀਆ ਪੈਮਾਨੇ 'ਚ ਕੇਸਾਂ ਦੀ ਫ਼ਿਲਾਸਫ਼ੀ ਉਤੇ ਪੁਸਤਕ ਲਿਖ ਕੇ ਹਰੇਕ ਜ਼ਬਾਨ ਵਿਚ ਸਾਰੀ ਦੁਨੀਆ ਉਤੇ ਪ੍ਰਚਾਰ ਕਰੋ ਕਰਾਉ। ਆਪ ਦੀ ਭੇਡਾ-ਚਾਲ ਵਾਲੀ ਗੱਲ ਮੇਰੇ ਬੜੀ ਦਿਲ ਲਗੀ ਹੈ। ਸਾਡੇ ਜਿੰਨੇ ਭੀ ਪੁਰਾਤਨ ਰਿਸ਼ੀ, ਮੁਨੀ, ਅਵਤਾਰ, ਪੈਗੰਬਰ ਹੋਏ ਹਨ, ਸਭ ਕੇਸਾਧਾਰੀ ਹੀ ਹੋਏ ਹਨ। ਮਹਾਂ ਭਾਰਤ ਦੇ ਸਮੇਂ ਤਾਈਂ ਇਹ ਸਬੂਤ ਪੱਕੇ ਤੌਰ ਤੇ ਮਿਲਦੇ ਹਨ ਕਿ ਸਾਡੇ ਪੁਰਾਤਨ ਛੱਤਰੀ, ਬ੍ਰਾਹਮਣ, ਪੇਸ਼ਵਾ, ਸਾਰੇ ਹੀ ਕੇਸਾਧਾਰੀ ਹੋ ਗੁਜ਼ਰੇ ਹਨ। ਪਤਾ ਨਹੀਂ, ਇਹ ਕੇਸ ਮੁੰਡਨ ਦੀ ਭੇਡ-ਚਾਲ ਰਸਮ ਕਦੋਂ ਕੁ ਤੋਂ ਸਾਡੇ ਭਾਰਤ-ਵਰਸ਼ ਵਿਖੇ ਪਰਚਲਤ ਹੋ ਪਈ ਹੈ। ਮਹਾਂ ਭਾਰਤ ਦੇ ਮਹਾਂ ਯੁਧ ਸਮੇਂ ਦੀਆਂ ਮਿਸਾਲਾਂ ਹਿੰਦੂ ਧਰਮ ਦੀਆਂ ਪੁਰਾਤਨ ਪੁਸਤਕਾਂ ਵਿਚ ਮੌਜੂਦ ਹਨ ਕਿ ਕੇਸਾਂ ਦਾ ਮੁੰਡਨ ਉਸ ਸਮੇਂ ਮਹਾਂ ਨਿੰਦਨੀਯ ਰਾਜ-ਡੰਨ ਸਮਝਿਆ ਜਾਂਦਾ ਸੀ। ਸਿਰੀ ਕ੍ਰਿਸ਼ਨ ਜੀ ਨੇ ਰੁਕਮਨੀ ਦੇ ਭਾਈ ਰੁਕਮਨ ਜੋਧੇ ਨੂੰ ਜਦੋਂ ਰੁਕਮਨੀ ਦੀ ਸਿਫ਼ਾਰਸ਼ ਦੇ ਅਧੀਨ ਹੋ ਕੇ ਸਿਰ ਕੱਟਣ ਦੀ ਸਜ਼ਾ ਦੇਣੋਂ ਦਰ-ਗੁਜ਼ਰ ਕਰ ਕੇ ਉਸ ਦੇ ਕੇਸ ਕੱਟਣ ਦੀ ਸਜ਼ਾ ਮਿਥੀ ਤਾਂ ਰੁਕਮਨ ਨੇ ਬੜੀ ਦਰਦਨਾਕ ਪੁਕਾਰ ਆਪਣੀ ਭੈਣ ਰੁਕਮਨੀ ਅਗੇ ਕੀਤੀ ਕਿ, "ਹੇ ਰੁਕਮਣੀ, ਤੂੰ ਮੇਰੀ ਭੈਣ ਨਹੀਂ, ਮੇਰੀ ਵੈਰਨ ਹੈਂ, ਕਿਉਂਕਿ ਤੈਂ ਮੇਰੀ ਮੌਤ ਦੀ ਸਜ਼ਾ ਮੁਆਫ਼ ਕਰਾ ਕੇ ਕੇਸ ਕਟਣ ਦੀ ਸਜ਼ਾ ਮਨਜ਼ੂਰ ਕਰਵਾਈ ਹੈ। ਜੀਊਂਦੇ ਜੀ, ਮੇਰੇ



bsrstrust.org

ਕੇਸ ਕਟੇ ਜਾਣੇ ਮੌਤ ਦੀ ਸਜ਼ਾ ਨਾਲੋਂ ਭੀ ਹਜ਼ਾਰ ਦਰਜਾ ਮਹਾਂ ਭਿਆਨਕ ਅਤੇ ਦੁਖਦਾਈ ਹੈ।" ਆਪ ਦੇ ਖ਼ਿਆਲ ਸੋਹਣੇ ਹਨ। ਆਪ ਸੱਚ ਮੁਚ ਤੱਤ ਅਸੂਲਾਂ ਵਾਲੇ ਸਿੰਘ ਹੋ। ਅਜ ਤਾਈਂ ਮੇਰੀ ਕਿਸੇ ਸਿਖ ਨੇ ਅਜਿਹੀ ਨਿਸ਼ਾ ਨਹੀਂ ਕੀਤੀ ਸੀ। ਦਲੀਲ ਦਾ ਇਕ ਕਿਣਕਾ ਮਾਤਰ ਹੀ ਸਾਡੇ ਵਰਗੇ ਖੋਜੀ ਮੁਤਲਾਸ਼ੀਆਂ ਨੂੰ ਕਾਫ਼ੀ ਹੈ। ਅੱਛਾ, ਵਕਤ ਬਹੁਤ ਹੋ ਗਿਆ ਹੈ, ਕਦੇ ਫੇਰ ਸਹੀ, ਨਮਸਤੇ।

ਮੈਂ–ਸਤਿ ਸ੍ਰੀ ਅਕਾਲ! ਦਗ਼ਾ ਦੇ ਰਲੇ, ਫੇਰ ਤਾਂ ਫੇਰ ਹੀ ਹੈ, ਰੋਜ਼ ਇਹ ਫੇਰ ਧਰੀ ਪਈ ਹੈ। ਸੋ ਸਚ-ਮੁਚ ਹੀ ਇਹ ਫੇਰ ਉਸ ਨਾਲ ਗੋਸ਼ਟ ਕਰਨ ਦੀ ਕਦੇ ਨਾ ਆਈ। ਪਰ ਇਹ ਸੁਪ੍ਰਿੰਟੈਂਡੈਂਟ ਬੜਾ ਹੀ ਨੇਕ ਨਿਹਾਦ ਬੰਦਾ ਦੇਖਿਆ।

["ਜੇਲ੍ਹ ਚਿੱਠੀਆਂ" ਪੁਸਤਕ ਵਿਚੋਂ ਧੰਨਵਾਦ ਸਹਿਤ

bsrstrust.org

## ਸੰਸਾਰ ਵਿਚ ਹੋਈ

# ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ

ਪ੍ਰਮਾਤਮਾ ਨੇ ਮਨੁਖ ਦੇ ਸਰੀਰ ਤੇ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫ਼ਜ਼ੂਲ ਹੋਵੇ। ਇਸ ਨਜ਼ਰੀਏ ਨੂੰ ਮੰਨਦਿਆਂ ਹੋਇਆਂ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਕੇਸ ਕਟਵਾਣਾ ਵਾਹਿਗੁਰੂ ਵਲੋਂ ਦਿੱਤੀ ਹੋਈ ਇਕ ਵਡਮੁਲੀ ਦਾਤਿ ਨੂੰ ਅਪਰਵਾਨ ਕਰਨ ਦੇ ਨਾਲ, ਉਸ ਵਲੋਂ ਸਿਰਜੀ ਮਨੁਖੀ ਤਸਵੀਰ ਨੂੰ ਬਦਸ਼ਕਲ ਕਰਨਾ ਹੈ।

ਜੰਬੂਰ, ਤੌਰੇਤ, ਅੰਜੀਲ ਤੇ ਕੁਰਾਨ ਵਿਚ ਇਸ ਗੱਲ ਦੇ ਹਵਾਲੇ ਮਿਲਦੇ ਹਨ ਕਿ ਅਕਾਲ ਪੁਰਖ ਨੇ ਬਾਬਾ ਆਦਮ ਨੂੰ ਆਪਣੇ ਜਹੀ ਸ਼ਕਲ ਵਾਲਾ ਬਣਾਇਆ ਹੈ ਤੇ ਇਤਿਹਾਸ ਦੇ ਪੰਨਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸੰਸਾਰ ਭਰ ਵਿਚ ਪੁਰਾਣੇ ਸਮਿਆਂ ਤੋਂ ਹਰ ਕਿਸਮ ਦੇ ਲੋਕੀ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਸਨ ਅਤੇ ਇਨ੍ਹਾਂ ਨੂੰ ਕਟ-ਵਾਣਾ ਸ਼ਰਮਨਾਕ ਤੇ ਬੇਇਜ਼ਤੀ ਵਾਲੀ ਹਰਕਤ ਸਮਝਦੇ ਸਨ। ਇਤਿਹਾਸ ਸਾਖੀ ਭਰਦਾ ਹੈ ਕਿ ਸਾਰੇ ਰਿਸ਼ੀਆਂ ਮੁਨੀਆਂ ਅਤੇ ਪੀਰਾਂ ਪੈਗ਼ੰਬਰਾਂ ਨੇ ਵੀ ਕੇਸ ਰਖੇ। ਕਹਿੰਦੇ ਹਨ, ਮੰਨੂੰ ਨੇ ਪਹਿਲੀ ਵਾਰ ਬ੍ਰਾਹਮਣਾਂ ਉਤੇ ਇਹ ਸ਼ਰਤ ਲਗਾਈ ਸੀ ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਥਾਂ ਉਨ੍ਹਾਂ ਦਾ ਮੂੰਹ ਸਿਰ ਮੁੰਨ ਦਿਤਾ ਜਾਵੇ, ਇਹ ਉਨ੍ਹਾਂ ਲਈ ਮੌਤ ਨਾਲੋਂ ਵੀ ਵਧ ਸਜ਼ਾ ਗਿਣੀ ਜਾਂਦੀ ਸੀ, ਕਿਉਂਕਿ ਅਜਿਹੀ ਹਾਲਤ ਵਿਚ ਉਹ ਸ਼ਰਮ-ਸਾਰੀ ਦੀ ਮੌਤ ਮਰਦੇ ਸਨ।

ਪੁਰਾਣੇ ਸਮਿਆਂ ਵਿਚ ਇਸੇ ਕਿਸਮ ਦਾ ਹੀ ਰਿਵਾਜ ਯੂਨਾਨ ਵਿਚ ਪ੍ਰਚਲਤ ਸੀ। ਇਸੇ ਤਰ੍ਹਾਂ ਮੁਸਲਮਾਨ ਹਾਜੀ ਨੂੰ ਹਜ ਦਾ ਸਵਾਬ ਨਹੀਂ ਮਿਲਦਾ,ਜੇਕਰ ਉਹ ਲੰਬੀ ਦਾੜ੍ਹੀ ਨਾ ਰੱਖੇ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਦੀ ਭਾਵਨਾ ਰੱਖਦਾ ਸੀ। ਇਕ ਵਾਰੀ ਉਸ ਨੇ ਇਕ ਲੰਬੀ ਦਾੜ੍ਹੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ,ਪਰ ਜਦ ਉਸ ਨੂੰ ਪਤਾ ਲਗਾ ਕਿ ਉਹ


bsrstrust.org

ਹਾਜੀ ਨਹੀਂ, ਹਿੰਦੂ ਹੈ, ਤਾਂ ਉਸ ਨੇ ਇਸ ਗੱਲ ਦੀ ਬੰਦਸ਼ ਲਗਾ ਦਿਤੀ ਕਿ ਉਸ ਦੇ ਰਾਜ ਵਿਚ ਕੋਈ ਹਿੰਦੂ ਨਾ ਤਾਂ ਦਾੜ੍ਹੀ ਰੱਖ ਸਕਦਾ ਹੈ ਅਤੇ ਨਾ ਪਗ ਬੰਨ੍ਹ ਸਕਦਾ ਹੈ। ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿੱਖ ਕੌਮ ਦੇ ਸਰਵਨਾਸ਼ ਕਰਨ ਦੇ ਮਨਸੂਬੇ ਬਣਾਏ ਤੇ ਸਿੱਖਾਂ ਦੇ ਸਿਰਾਂ ਦੇ ਮੁਲ ਪਾਏ ਗਏ, ਤਦ ਹਿੰਦੂਆਂ ਨੂੰ ਇਹ ਵਿਸ਼ੇਸ਼ ਹੁਕਮ ਦਿੱਤਾ ਗਿਆ ਕਿ ਉਹ ਆਪਣੀ ਦਾੜ੍ਹੀ ਤੇ ਕੇਸ ਕਤਲ ਕਰਵਾ ਦੇਣ, ਤਾਂ ਜੁ ਕਿਸੇ ਸਿੱਖ ਦੇ ਭੁਲੇਖੇ ਵਿਜ ਉਨ੍ਹਾਂ ਦੀ ਜਾਨ ਐਵੇਂ ਨਾ ਚਲੀ ਜਾਵੇ। ਮੁਗ਼ਲੀਆ ਰਾਜ ਦੇ ਅਜਿਹੇ ਤੰਗ-ਦਸਤੀ ਵਾਲੇ ਆਦੇਸ਼ਾਂ ਨਾਲ ਵਾਲ ਕੱਟਣ ਦਾ ਕਰਮ ਵਧਿਆ, ਜਿਹੜਾ ਅੱਜ ਫ਼ੈਸ਼ਨ-ਪ੍ਰਸਤੀ ਦਾ ਇਕ ਚਿੰਨ੍ਹ ਬਣ ਗਿਆ ਹੈ।

ਉਧਰ ਪੱਛਮ ਵਿਚ ਵੀ ੧੯ਵੀਂ ਸਦੀ ਦੇ ਦੌਰਾਨ ਉਦਯੋਗਕ ਕਰਾਂਤੀ ਕਾਰਨ ਰੋਜ਼ਗਾਰ ਦੇ ਮੌਕੇ ਵਧੇ, ਪਰ ਫ਼ੈਕਟਰੀਆਂ ਵਿਚ ਮਨੁਖੀ ਸੁਰੱਖਿਆ ਦੇ ਕਾਫ਼ੀ ਪ੍ਰਬੰਧ ਨਾ ਹੋਣ ਕਾਰਨ ਲੰਬੇ ਲੰਬੇ ਕੇਸਾਂ ਕਰਕੇ ਮਾਰੂ ਦੁਰਘਟਨਾਵਾਂ ਹੋਣ ਲਗ ਪਈਆਂ। ਅਜਿਹੀ ਸਥਿਤੀ ਨੂੰ ਰੋਕਣ ਲਈ ਕਾਮਿਆਂ ਨੇ ਨਾ ਚਾਹੁੰਦੇ ਹੋਏ ਵੀ ਆਪਣੇ ਲੰਬੇ ਲੰਬੇ ਕੇਸ ਕਟਣੇ ਅਰੰਭ ਕਰ ਦਿਤੇ ਤੇ ਨਤੀਜੇ ਵਜੋਂ ਸ਼ੇਕਸਪੀਅਰ ਵਰਗੇ ਲੰਬੇ ਵਾਲਾਂ ਵਾਲੇ ਮਨੁਖਾਂ ਦੀ ਗਿਣਤੀ ਯੂਰਪ ਵਿਚ ਘਟਣ ਲਗ ਪਈ, ਜਿਹੜੀ ਘਟਦੀ ਘਟਦੀ ਅਜ ਬਿਲਕੁਲ ਖ਼ਤਮ ਹੋ ਗਈ ਹੈ। ਪਰ ਇਕ ਗੱਲ ਇਹ ਜ਼ਰੂਰ ਹੋਈ ਕਿ ਉਨ੍ਹਾਂ ਲੋਕਾਂ ਨੇ ਕੇਸ ਕਟਵਾਣ ਮਗਰੋਂ ਇਸ ਖੇਤਰ ਵਿਚ ਕਾਫ਼ੀ ਖੋਜ ਕੀਤੀ, ਤਾਂ ਜੁ ਪਤਾ ਲੱਗ ਸਕੇ ਕਿ ਕੇਸ ਰਖਣ ਦੇ ਕੀ ਫ਼ਾਇਦੇ ਹਨ ਅਤੇ ਇਨ੍ਹਾਂ ਨੂੰ ਕਟਵਾਉਣ ਨਾਲ ਮਨੁੱਖੀ ਸਰੀਰ ਦੇ ਸੁਭਾਅ ਆਦਿ ਵਿਚ ਕੀ ਤਰੁੱਟੀਆਂ ਆਉਂਦੀਆਂ ਹਨ।

ਇਸ ਆਸ਼ੇ ਨੂੰ ਮੁਖ ਰਖ ਕੇ ਪੱਛਮ ਵਿਚ ਹੋਈ ਤਾਜ਼ਾ ਖੋਜ ਅਨੁ-ਸਾਰ ਇਹ ਨਿਰਣਾ ਲਿਆ ਗਿਆ ਹੈ ਕਿ ਕੇਸ ਮਨੁਖੀ ਸਰੀਰ ਵਿਚ ਵਿਟਾ-ਮਿਨ 'ਡੀ' ਪੈਦਾ ਕਰਨ ਲਈ ਇਕ ਵਡੀ ਫੈਕਟਰੀ ਦਾ ਕੰਮ ਕਰਦੇ ਹਨ। ਵਿਟਾਮਿਨ ਡੀ' ਸਰੀਰ ਦੀਆਂ ਹੱਡੀਆਂ ਦੰਦਾਂ ਅਤੇ ਨਰਵਸ ਸਿਸਟਮ

bsrstrust.org

(Nervous system) ਲਈ ਬਹੁਤ ਹੀ ਜ਼ਰੂਰੀ ਤੱਤ ਹੈ, ਜਿਹੜਾ ਅੱਜ ਕੱਲ੍ਹ ਦੁਰਲਭ ਹੈ। ਇਸ ਦਾ ਕਾਰਨ ਇਹ ਹੈ ਕਿ ਜਦ ਤੋਂ ਅਸੀਂ ਸਬਜ਼ੀਆਂ ਅਤੇ ਅਨਾਜ ਨੂੰ ਕੀੜੇ-ਮਾਰ ਦਵਾਈਆਂ ਰਾਹੀਂ ਬਚਾਉਣ ਦੇ ਉਪਰਾਲੇ ਸ਼ੁਰੂ ਕੀਤੇ ਹਨ ਉਦੋਂ ਦਾ ਹੀ ਵਿਟਾਮਿਨ 'ਡੀ' ਵੀ ਇਨ੍ਹਾਂ ਸਬਜ਼ੀਆਂ ਆਦਿ ਵਿਚੋਂ ਕਾਫ਼ੀ ਮਾਤਰਾ ਵਿਚ ਨਸ਼ਟ ਹੁੰਦਾ ਜਾ ਰਿਹਾ ਹੈ, ਜਿਸ ਦੇ ਫਲਸਰੂਪ ਸਮੁਚੇ ਸੰਸਾਰ ਵਿਚ ਵਿਟਾਮਿਨ 'ਡੀ' ਦੀ ਭਾਰੀ ਕਮੀ ਮਹਿਸੂਸ ਹੋਣ ਲਗ ਪਈ ਹੈ। ਵਿਕਸਤ ਦੇਸ਼ਾਂ ਨੇ ਇਸ ਕਮੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਬਨਾਵਟੀ ਤੌਰ ਤੇ ਵਿਟਾਮਿਨ 'ਡੀ' ਤਿਆਰ ਕਰ ਕੇ ਬੱਚਿਆਂ ਦੀ ਖ਼ੁਰਾਕ ਵਿਚ ਰਲਾਉਣਾ ਸ਼ੁਰੂ ਕਰ ਦਿੱਤਾ ਹੈ, ਤਾਂ ਜੁ ਉਹ ਵਡੇ ਹੋ ਕੇ ਅਜਿਹੀ ਹਸਤੀ ਦੇ ਮਾਲਕ ਨਾ ਬਣਨ ਜਿਹੜੀ ਸਰੀਰ ਦੇ ਪਖੋਂ ਦੁਰਲਭ ਅਤੇ ਮਾਨਸਕ ਤੌਰ ਤੇ ਉਖੜੀ ਪੁਖੜੀ ਹੋਵੇ। ਨਵੀਂ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਸਿਰ ਦੇ ਵਾਲ ਜਿਤਨੇ ਲੰਬੇ ਹੋਣਗੇ ਉਨ੍ਹਾਂ ਵਿਚਲਾ ਤੇਲ ਸੂਰਜੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵਧ ਵਿਟਾਮਿਨ 'ਡੀ' ਪੈਦਾ ਕਰੇਗਾ, ਇਸ ਲਈ ਵਾਲ ਰਖਣਾ ਸਿਹਤ ਅਤੇ ਮਾਨਸਿਕ ਅਵਸਥਾ ਦੋਨਾਂ ਲਈ ਜ਼ਰੂਰੀ ਹੈ। ਇਹ ਵੀ ਸਾਬਤ ਕੀਤਾ ਜਾ ਚੁਕਾ ਹੈ ਕਿ ਜੇਕਰ ਕੇਸਾਂ ਨੂੰ ਸਿਰ ਦੀ ਚੋਟੀ ਉਤੇ ਵਲੇਵਾਂ ਦੇ ਕੇ ਜੂੜੇ ਦੀ ਸ਼ਕਲ ਵਿਚ ਸੰਵਾਰਿਆ ਜਾਵੇ ਤਾਂ ਉਹ ਸੂਰਜੀ ਸ਼ਕਤੀ ਨੂੰ ਵਧ ਤੋਂ ਵਧ ਮਾਤਰਾ ਵਿਚ ਕਿਵੇਂ ਆਪਣੇ ਵਿਚ ਸਮੋਣ ਦੀ ਸਮਰੱਥਾ ਰਖਦੇ ਹਨ, ਜਿਸ ਤਰ੍ਹਾਂ ਟੈਲੀਵੀਜ਼ਨ ਦਾ ਐਨਟੈਨਾ ਵਾਤਾਵਰਣ ਵਿਚੋਂ ਚਿਤਰ-ਰੇਖਾਵਾਂ ਖਿਚਣ ਦੀ ਸ਼ਕਤੀ ਰੱਖਦਾ ਹੈ। (ਟੈਕੀਟਸ ਦੇ ਕਥਨ ਅਨੁਸਾਰ ਪ੍ਰਾਚੀਨ ਜਰਮਨ ਵਾਸੀ ਆਪਣੇ ਸਿਰਾਂ ਉਤੇ ਲੰਬੇ ਵਾਲਾਂ ਦਾ ਜੂੜਾ ਕਰਦੇ ਹੁੰਦੇ ਸਨ)।

ਜੇਕਰ ਅਸੀਂ ਸਿਰ ਦੇ ਵਾਲਾਂ ਨੂੰ ਨਾ ਕਟੀਏ ਤਾਂ ਉਹ ਇਕ ਖ਼ਾਸ ਲੰਬਾਈ ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਦੇਖ ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਫ਼ੀ ਸਦੀ ਰੋਜ਼ ਖ਼ਰਚ ਹੋ ਜਾਂਦਾ ਹੈ, ਜਿਹੜੀ ਅਸੀਂ ਸਾਰੇ ਦਿਨ ਵਿਚ ਵਖ ਵਖ ਖ਼ੁਰਾਕ ਖਾ ਕੇ


bsrstrust.org

ਸਰੀਰ ਵਿਚ ਲਿਜਾਂਦੇ ਹਾਂ, ਪਰ ਦੂਜੇ ਪਾਸੇ ਵਾਲ ਕਟਣ ਨਾਲ ਇਸ ਤੋਂ ਕਈ ਗੁਣਾ ਜ਼ਿਆਦਾ ਪ੍ਰੋਟੀਨ ਨਸ਼ਟ ਹੁੰਦੀ ਹੈ, ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਉਣ ਵਿਚ ਹੀ ਖ਼ਰਚ ਹੁੰਦੀ ਰਹਿੰਦੀ ਹੈ। ਕੱਟੇ ਹੋਏ ਵਾਲ ਤੀਜੇ ਦਿਨ ਇੰਚ ਦਾ ਅਠਵਾਂ ਹਿੱਸਾ ਵਧ ਜਾਂਦੇ ਹਨ ਅਤੇ ਇਸ ਤਰ੍ਹਾਂ ਜੇਕਰ ਇਸ ਵਾਧੇ ਨੂੰ ਇਕੋ ਵਾਲ ਉਤੇ ਹੀ ਨਾਪਿਆ ਜਾਵੇ ਤਾਂ ਕੇਸ ਕਟਾਉਣ ਵਾਲੇ ਸੱਜਣ ਹਰ ਤੀਜੇ ਦਿਨ ਦੋ ਸੌ ਸਾਢੇ ਅਠ ਫ਼ੁਟ ਲੰਬਾ ਇਕ ਵਾਲ ਆਪਣੇ ਸਰੀਰ ਵਿਚੋਂ ਸ਼ਕਤੀ ਸਰਫ਼ ਕਰ ਕੇ ਤਿਆਰ ਕਰਦੇ ਹਨ ਅਤੇ ਫਿਰ ਉਸ ਨੂੰ ਨਸ਼ਟ ਕਰਦੇ ਹਨ। (ਆਮ ਮਨੁੱਖ ਦੇ ਸਿਰ ਤੇ ਔਸਤਨ ਸਾਢੇ ਇਕੀ ਹਜ਼ਾਰ ਵਾਲ ਹੁੰਦੇ ਹਨ) ਕੇਸ ਕਟਵਾਉਣ ਦਾ ਇਕ ਨੁਕਸਾਨ ਇਹ ਵੀ ਮੰਨਿਆ ਗਿਆ ਹੈ ਕਿ ਜਿਹੜੀ ਸ਼ਕਤੀ ਦਿਮਾਗ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ, ਅਸੀਂ ਉਸ ਦਾ ਸਰੋਤ ਹੀ ਬੰਦ ਕਰ ਦਿਤਾ ਹੈ। ਇਸ ਤੋਂ ਇਹ ਮਤਲਬ ਨਹੀਂ ਕਿ ਕੇਸਹੀਨ ਸ਼੍ਰੇਣੀਆਂ ਵਿਚ ਦਿਮਾਗੀ ਤੌਰ ਤੇ ਪ੍ਰਫੁਲਤ ਵਿਅਕਤੀਆਂ ਦੀ ਘਾਟ ਹੈ, ਪਰ ਇਤਨਾ ਜ਼ਰੂਰ ਹੈ ਕਿ ਉਨ੍ਹਾਂ ਨੇ ਵਿਸਰ-ਭੋਲੇ ਹੀ ਉਸ ਸੋਮੇ ਨੂੰ ਬਰਬਾਦ ਕਰ ਦਿਤਾ ਹੈ, ਜਿਸ ਨੇ ਦਿਮਾਗ ਵਿਚ ਵਧੇਰੇ ਸ਼ਕਤੀ ਦਾ ਸੰਚਾਰ ਕਰਨਾ ਸੀ। ਹਾਂ ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜ੍ਹੀਆਂ ਦਰ ਪੀੜ੍ਹੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਜਿਹੇ ਲੋਗ ਦਿਮਾਗੀ ਪਤਨ ਵਲ ਵਧ ਰਹੇ ਹਨ।

ਸਿਆਣੇ ਹਕੀਮ ਤੇ ਵੈਦ ਰੇਸ਼ੇ, ਨਜ਼ਲੇ ਤੇ ਜ਼ੁਕਾਮ ਆਦਿ ਦੇ ਰੋਗਾਂ ਦਾ ਇਕ ਕਾਰਨ ਕੇਸ ਕਟਾਣਾ ਵੀ ਦਸਦੇ ਹਨ। ਇਹ ਗੱਲ ਪਿਛਲੇ ਸੌ ਸਾਲਾਂ ਤੋਂ ਲਿਖਤਾਂ ਵਿਚ ਚਲੀ ਆ ਰਹੀ ਹੈ ਕਿ ਕੇਸ ਰੇਸ਼ੇ ਵਾਲੇ ਮਰੀਜ਼ ਨੂੰ ਬਹੁਤ ਫ਼ਾਇਦਾ ਕਰਦੇ ਹਨ ਅਤੇ ਇਹ ਰੋਗ ਨਿਸਬਤਨ ਉਨ੍ਹਾਂ ਲੋਕਾਂ ਨੂੰ ਘਟ ਹੁੰਦਾ ਹੈ, ਜਿਨ੍ਹਾਂ ਦੇ ਕੇਸ ਹਨ। ਅਜ ਦੀ ਵਿਗਿਆਨਕ ਖੋਜ ਇਸ ਖੇਤਰ ਵਿਚ ਵੀ ਭਲੀ ਪਰਕਾਰ ਰੌਸ਼ਨੀ ਪਾ ਸਕਦੀ ਹੈ।

ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ-ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ, ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਠੋਡੀ ਨੂੰ



bsrstrust.org

ਸਮਝਿਆ ਜਾਂਦਾ ਹੈ। ਇਸ ਲਈ ਜਿਵੇਂ ਸਿਰ ਦੇ ਵਾਲ ਸੂਰਜ ਤੋਂ ਸ਼ਕਤੀ ਗ੍ਰਹਿਣ ਕਰ ਕੇ ਦਿੰਦੇ ਹਨ ਉਸੇ ਤਰ੍ਹਾਂ ਦਾੜ੍ਹੀ ਦੇ ਰੋਮ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿਚ ਲਿਆਉਂਦੇ ਹਨ ਅਤੇ ਇਨ੍ਹਾਂ ਵਿਚ ਇਕ ਹੋਰ ਖੂਬੀ ਇਹ ਹੁੰਦੀ ਹੈ ਕਿ ਉਹ ਵਾਤਾਵਰਣ ਵਿਚ ਭਰੀਆਂ ਪਈਆਂ ਨੁਕਸਾਨ-ਦੇਹ ਤਰੰਗਾਂ ਆਦਿ ਨੂੰ ਦਿਮਾਗ ਵਿਚ ਜਾਣ ਤੋਂ ਰੋਕਦੇ ਹਨ, ਜਿਸ ਦੇ ਫਲਸਰੂਪ ਗ਼ਮਗ਼ੀਨੀ, ਅਧਿਕ ਭਾਵੁਕਤਾ, ਨਿੰਮੋਝੂਣਤਾ ਤੇ ਮਾਨਸਕ ਬਿਖੜੇਪਨ ਨੂੰ ਠਲ੍ਹ ਪੈਂਦੀ ਹੈ ਅਤੇ ਦਲੇਰੀ, ਖੁਸ਼-ਤਬੀਅਤੀ, ਖੁਸ਼-ਅਸਲੂਬੀ, ਚੜ੍ਹਦੀ ਕਲਾ ਤੇ ਉਦਮ-ਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ। ਇਸ ਦੇ ਉਲਟ ਔਰਤਾਂ ਦੀ ਦਾੜ੍ਹੀ ਨਹੀਂ ਹੁੰਦੀ, ਅਜਿਹਾ ਸ਼ਾਇਦ ਪ੍ਰਮਾਤਮਾ ਨੇ ਇਨ੍ਹਾਂ ਦੀ ਕੋਮਲਤਾ ਅਤੇ ਖ਼ੂਬਸੂਰਤੀ ਨੂੰ ਮੁਖ ਰਖਦਿਆਂ ਕੀਤਾ ਹੋਵੇ। ਜੇ ਔਰਤਾਂ ਦੀ ਸੁੰਦਰਤਾ ਠੋਡੀ ਤੇ ਵਾਲ ਨਾ ਆਉਣ ਵਿਚ ਹੈ ਤਦ ਅਵੱਸ਼ ਹੀ ਮਰਦਾਂ ਦੀ ਸੁੰਦਰਤਾ ਤੇ ਸੂਰਬੀਰਤਾ ਉਨ੍ਹਾਂ ਦੀ ਦਾੜ੍ਹੀ ਦੇ ਰੋਮਾਂ ਤੇ ਨਿਰਭਰ ਕਰਦੀ ਹੈ। ਇਸ ਗੱਲ ਦਾ ਮੁਆਵਜ਼ਾ ਦੇਣ ਲਈ ਕਿ ਰੱਬ ਨੇ ਔਰਤਾਂ ਨੂੰ ਦਾੜ੍ਹੀ ਦੇ ਵਾਲਾਂ ਤੋਂ ਵਾਞਿਆਂ ਰਖ ਕੇ ਸ਼ਕਤੀ-ਪ੍ਰਾਪਤੀ ਦੇ ਇਕ ਵਡਮੁੱਲੇ ਸੋਮੇ ਤੋਂ ਹੀਣਾ ਕਰ ਦਿਤਾ ਹੈ, ਇਨ੍ਹਾਂ ਦੇ ਤਾਂਤਰਿਕ ਸਿਸਟਮ ਨੂੰ ਆਦਮੀ ਨਾਲੋਂ 16 ਗੁਣਾ ਜ਼ਿਆਦਾ ਮਜ਼ਬੂਤ ਬਣਾ ਦਿਤਾ ਗਿਆ ਹੈ। ਹੋ ਸਕਦਾ ਹੈ ਇਸੇ ਕਾਰਨ ਹੀ ਔਰਤਾਂ ਮਰਦਾਂ ਦੇ ਮੁਕਾਬਲੇ ਵਿਚ ਜ਼ਿਆਦਾ ਸਹਿਨ-ਸ਼ੀਲ, ਹਲੀਮ ਤੇ ਮਿੱਠ-ਬੋਲੜੀਆਂ ਹਨ, ਜਿਹੜੇ ਕਿ ਔਰਤਾਂ ਦੇ ਮੂਲ ਗੁਣ ਹਨ।

ਕੇਸਾਂ ਉਤੇ ਖੋਜ ਕਰਨ ਵਾਲਿਆਂ ਨੇ ਇਸ ਤਥ ਨੂੰ ਵੀ ਸਵੀਕਾਰ ਕੀਤਾ ਹੈ ਕਿ ਕੇਸ ਅਜਿਹੇ ਮੈਟੀਰੀਅਲ ਦੇ ਬਣੇ ਹਨ ਜਿਸ ਵਿਚ ਸਰੀਰ ਨੂੰ ਗਰਮੀ ਅਤੇ ਸਰਦੀ ਦੋਨਾਂ ਤੋਂ ਬਚਾ ਕੇ ਰਖਣ ਦੀ ਸਿਫ਼ਤ ਮੌਜੂਦ ਹੈ। ਜਦੋਂ ਮੌਸਮ ਸਰਦ ਹੋ ਜਾਂਦਾ ਹੈ ਤਾਂ ਇਸ ਵਿਚਲੇ ਉਹ ਤਤ ਸਰਗਰਮ ਹੋ ਜਾਂਦੇ ਹਨ ਜਿਹੜੇ ਆਪਣੇ ਰਾਹੀਂ ਸਰੀਰ ਨੂੰ ਅਤੇ ਵਿਸ਼ੇਸ਼ ਕਰਕੇ ਦਿਮਾਗ ਨੂੰ ਗਰਮ ਰਖਣ ਲਈ ਕਾਰਜ ਕਰਨ ਲਗ ਜਾਂਦੇ ਹਨ ਅਤੇ ਗਰਮੀਆਂ ਵਿਚ ਇਹ ਕਾਰੀਆ-ਕਰਮ ਬਦਲ ਜਾਂਦਾ ਹੈ।



bsrstrust.org

ਦਾੜ੍ਹੀ ਅਤੇ ਸਿਰ ਦੇ ਕੇਸਾਂ ਦੀ ਵਿਗਿਆਨਕ ਖੋਜ ਦੇ ਨਾਲ ਨਾਲ ਹੁਣ ਮੁੱਛਾਂ ਦੇ ਵਾਲਾਂ ਬਾਰੇ ਵੀ ਖੋਜ ਜਾਰੀ ਹੈ, ਜਿਸ ਬਾਰੇ ਹਾਲੇ ਤਕ ਦੋ-ਟੁਕ ਨਿਸ਼ਕਰਸ ਤਾਂ ਨਹੀਂ ਨਿਕਲੇ, ਪਰ ਕੁਝ ਹੱਦ ਤਕ ਇਵੇਂ ਸੋਚਿਆ ਜਾ ਰਿਹਾ ਹੈ ਕਿ ਮੁੱਛਾਂ ਦੇ ਰੋਮ ਸਰੀਰ ਵਿਚ ਲਿਆਂਦੀਆਂ ਗਈਆਂ ਵਖ ਵਖ ਸ਼ਕਤੀ-ਤਰੰਗਾਂ ਵਿਚ ਸੁਮੇਲ ਪੈਦਾ ਕਰਦੇ ਹਨ । ਇਹ ਗੱਲ ਹਾਲੇ ਭਰਵੀਂ ਖੋਜ ਦੀ ਮੁਥਾਜ ਹੈ । ਕੁਝ ਬਜ਼ੁਰਗ ਇਹ ਵੀ ਕਹਿੰਦੇ ਹਨ ਕਿ ਵਾਤਾਵਰਨ ਦੀਆਂ ਚੌਹਾਂ ਦਿਸ਼ਾਵਾਂ ਤੋਂ ਸ਼ਕਤੀ-ਤਰੰਗਾਂ ਖਿਚਣ ਲਈ ਕੇਸ ਉਪਰਲੇ ਅਕਾਸ਼ ਵਿਚੋਂ, ਦਾੜ੍ਹੀ ਦੇ ਰੋਮ ਧਰਤੀ ਵਿਚੋਂ ਅਤੇ ਮੁੱਛਾਂ ਦੇ ਵਾਲ ਵਾਤਾਵਰਨ ਦੇ ਸਜੇ ਖਬੇ ਪਾਸਿਉਂ ਸ਼ਕਤੀ ਗ੍ਰਹਿਣ ਕਰਨ ਦੇ ਵਡਮੁਲੇ ਸੋਮੇ ਹਨ । ਇਸ ਗੱਲ ਨੂੰ ਵੀ ਬੇਸ਼ਕ ਹਾਲੇ ਦੰਦ-ਕਥਾ ਹੀ ਮੰਨੀਏ, ਪਰ ਇਕ ਗੱਲ ਜ਼ਰੂਰ ਹੈ ਕਿ ਮੁੱਛਾਂ ਚਿਰ-ਕਦੀਮਾਂ ਤੋਂ ਮਨੁਖੀ ਬਹਾਦਰੀ, ਮਰਦਾਨਗੀ, ਅਣਖ ਅਤੇ ਸੁਹੱਪਣ ਦਾ ਸੂਚਕ ਚਲੀਆਂ ਆ ਰਹੀਆਂ ਹਨ । ਜਿਸ ਚੀਜ਼ ਨਾਲ ਇਤਨਾ ਵਡਮੁਲਾ ਗੌਰਵ ਜੁੜਿਆ ਹੋਵੇ, ਉਸ ਨੂੰ ਨਸ਼ਟ ਕਰਨਾ ਆਪਣੀ ਸੂਰਮਗਤੀ ਨੂੰ ਨੀਵਾਂ ਦਿਖਾਣ ਦੀ ਗੱਲ ਹੀ ਹੋ ਸਕਦੀ ਹੈ । ਸ਼ਾਇਦ ਇਹ ਹੀ ਕਾਰਨ ਹੈ ਕਿ ਵਿਸ਼ਵ ਵਿਚ ਹਾਲੇ ਵੀ ਬਹੁਤ ਸਾਰੀਆਂ ਕੌਮਾਂ ਅਜਿਹੀਆਂ ਹਨ, ਜਿਹੜੀਆਂ ਆਪਣੀਆਂ ਦਾੜ੍ਹੀਆਂ ਤੇ ਸਿਰਾਂ ਦੇ ਕੇਸਾਂ ਨੂੰ ਤਾਂ ਕਟਵਾ ਦੇਂਦੀਆਂ ਹਨ, ਪਰ ਮੁੱਛਾਂ ਦੇ ਰੋਮਾਂ ਨੂੰ ਵਟ ਦੇ ਕੇ ਸਜਾ ਕੇ ਰਖਣ ਵਿਚ ਆਪਣਾ ਗੌਰਵ ਤੇ ਅਣਖ ਸਮਝਦੀਆਂ ਹਨ ।

ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ ਉਵੇਂ ਹੀ ਇਨ੍ਹਾਂ ਦੀ ਸੰਭਾਲ ਤੇ ਦੇਖ-ਰੇਖ ਬਾਰੇ ਕੁਝ ਤੱਤ ਕੱਢੇ ਗਏ ਹਨ । ਜੇਕਰ ਕੇਸਾਂ ਨੂੰ ਢੱਕ ਕੇ ਰਖਿਆ ਜਾਵੇ ਤਾਂ ਉਹ ਥੋੜੇ ਸਮੇਂ ਵਿਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲਗ ਜਾਂਦੇ ਹਨ । ਢੱਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਉਗਦੇ ਹਨ । ਬਹੁਤੇ ਧਰਮਾਂ ਵਿਚ ਇਹ ਰਿਵਾਜ ਹੈ ਕਿ ਜਦ ਕੋਈ ਵਿਅਕਤੀ ਧਾਰਮਕ ਅਸਥਾਨ ਵਿਚ ਜਾਂਦਾ ਹੈ ਤਾਂ ਉਹ ਸਿਰ ਢਕ ਕੇ ਜਾਂਦਾ ਹੈ । ਜਦ ਅਸੀਂ ਪਾਠ-ਪੂਜਾ ਕਰਨੀ ਹੁੰਦੀ ਹੈ ਤਾਂ ਵੀ ਅਸੀਂ



bsrstrust.org

ਸਿਰ ਢਕ ਕੇ ਬੈਠਦੇ ਹਾਂ। ਇਸ ਦਾ ਇਹ ਹੀ ਕਾਰਨ ਹੈ ਕਿ ਢਕੇ ਹੋਏ ਸਿਰ ਨਾਲ ਕੇਸ ਸਾਡੇ ਦਿਮਾਗ਼ ਵਿਚ ਵਧੇਰੇ ਸ਼ਕਤੀ ਦੀ ਸਿਰਜਨਾ ਕਰ ਰਹੇ ਹੁੰਦੇ ਹਨ। ਜਦ ਅਸੀਂ ਭਗਤੀ ਵਿਚ ਲੀਨ ਹੋਣ ਕਾਰਨ ਲੋੜ ਨਾਲੋਂ ਵਧ ਸ਼ਕਤੀ ਨੂੰ ਸਰਫ਼ ਕਰ ਰਹੇ ਹੁੰਦੇ ਹਾਂ ਤਾਂ ਢਕੇ ਕੇਸ ਸਾਡੀ ਵਾਧੂ ਲੋੜ ਨੂੰ ਪੂਰਿਆਂ ਕਰ ਰਹੇ ਹੁੰਦੇ ਹਨ। ਪਰ ਅੱਜ ਕਲ੍ਹ ਇਤਨੀ ਮਹੱਤਵਪੂਰਣ ਗੱਲ ਨੂੰ ਅਣਗੌਲਿਆਂ ਸੁੱਟ ਕੇ ਅਸੀਂ ਸਿਰਫ ਰਿਵਾਜੀ ਤੌਰ ਤੇ ਹੀ ਕੇਸਾਂ ਨੂੰ ਢਕ ਕੇ ਧਾਰਮਕ ਅਸਥਾਨਾਂ ਵਿਚ ਜਾਂਦੇ ਹਾਂ। ਕੇਸ ਕਿਸ ਚੀਜ਼ ਨਾਲ ਢਕਣੇ ਹਨ, ਇਸ ਬਾਰੇ ਵੀ ਕਾਫ਼ੀ ਗੰਭੀਰ ਖੋਜ ਹੋਈ ਹੈ। ਜੇਕਰ ਕੇਸ ਕਿਸੇ ਸੂਤੀ ਕਪੜੇ ਨਾਲ ਢੱਕੇ ਜਾਣ ਤਾਂ ੧੦੦ ਫ਼ੀ ਸਦੀ ਸੂਰਜੀ ਸ਼ਕਤੀ ਉਸ ਸੂਤੀ ਕਪੜੇ ਵਿਚੋਂ ਨਿਕਲ ਕੇ ਕੇਸਾਂ ਤਕ ਪਹੁੰਚਦੀ ਹੈ ਅਤੇ ਹੋਰ ਕਿਸੇ ਪ੍ਰਕਾਰ ਦਾ ਕਪੜਾ ਅਜਿਹੇ ਗੁਣ ਨਹੀਂ ਰਖਦਾ। ਕੇਸ ਸਾਫ਼ ਸੁਥਰੇ ਹੋਣ ਦੀ ਸੂਰਤ ਵਿਚ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਕਰ ਸਕਦੇ ਹਨ। ਇਸੇ ਕਾਰਨ ਹੀ ਸ਼ਾਇਦ ਕੁੜੀਆਂ ਨੂੰ ਨੰਗੇ ਸਿਰ ਝਾੜੂ ਦੇਣ ਅਤੇ ਸਿਰ ਤੇ ਟੋਕਰੀ ਚੁਕਣ ਦੀ ਮਨਾਹੀ ਹੈ, ਜਿਸ ਨੂੰ ਪੁਰਾਣੇ ਲੋਕ ਬਦਸ਼ਗਣੀ ਸਮਝਦੇ ਸਨ।

ਪਲਾਸਟਿਕ ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖ਼ਤਰਨਾਕ ਹੋ ਸਕਦਾ ਹੈ, ਕਿਉਂਕਿ ਉਹ ਉਨ੍ਹਾਂ ਵਿਚ ਅਚੱਲ ਬਿਜਲੀ ਪੈਦਾ ਕਰਦਾ ਹੈ, ਜਿਹੜੀ ਕੇਜਾਂ ਦੇ ਮੂਲ ਸੋਮੇ ਨੂੰ ਨੁਕਸਾਨ ਪਹੁੰਚਾਂਦੀ ਹੈ। ਇਸ ਲਈ ਨਵੀਂ ਖੋਜ ਅਨੁਸਾਰ ਕੇਸ ਲੱਕੜ ਦੇ ਕੰਘੇ ਨਾਲ ਵਾਹੁਣੇ ਚਾਹੀਦੇ ਹਨ, ਜਿਹੜਾ ਕੇਸਾਂ ਨੂੰ ਹਰ ਲਿਹਾਜ਼ ਨਾਲ ਸ੍ਵੱਛਤਾ ਪ੍ਰਦਾਨ ਕਰਦਾ ਹੈ। ਇਹ ਗੱਲਾਂ ਅੱਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲਗ ਸਕੀਆਂ ਹਨ, ਪਰ ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅੱਜ ਤੋਂ ੩੧੨ ਸਾਲ ਪਹਿਲਾਂ ਇਨ੍ਹਾਂ ਬਾਰੇ ਸਾਨੂੰ ਸੁਚੇਤ ਕੀਤਾ ਸੀ।

ਜਦ ਅਸੀਂ ਭਗਤੀ ਜਾਂ ਪਾਠ-ਪੂਜਾ ਵਿਚ ਪੂਰੀ ਤਰ੍ਹਾਂ ਲੀਨ ਹੁੰਦੇ ਹਾਂ ਤਾਂ ਸਾਡੇ ਸਰੀਰ ਵਿਚ ਕੰਮ ਕਰ ਰਿਹਾ ਮਿਕਨਾਤੀਸੀ-ਖੇਤਰ ਬਹੁਤ ਸਤਗਰਮ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ ਅਤੇ ਜਿਉਂ ਜਿਉਂ ਮਨੁੱਖ



bsrstrust.org

ਭਗਤੀ ਵਿਚ ਜ਼ਿਆਦਾ ਲਗਨਸ਼ੀਲ ਹੁੰਦਾ ਹੈ, ਤਿਉਂ ਤਿਉਂ ਇਹ ਮਿਕਨਾਤੀਸੀ ਖੇਤਰ ਆਪਣੇ ਸਰਬ-ਵਿਆਪੀ ਮਿਕਨਾਤੀਸੀ ਖੇਤਰ ਵਿਚੋਂ ਵਧੇਰੇ ਸ਼ਕਤੀ ਖਿਚਦਾ ਹੈ। ਇਸ ਤਰ੍ਹਾਂ ਦਿਮਾਗ਼ ਵਿਚ ਇਕ ਖ਼ਾਸ ਕਿਸਮ ਦੀ ਆਵਾਜ਼ ਉਤਪੰਨ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਅਸੀਂ ਅਨਾਦੀ ਧੁੰਨ ਦਾ ਨਾਂ ਦੇਂਦੇ ਹਾਂ। ਇਹ ਕਾਰਜ ਢੱਕੇ ਹੋਏ, ਸਾਫ, ਸੁਥਰੇ, ਸਵੱਛ ਲੰਬੇ ਕੇਸਾਂ ਕਰਕੇ ਜ਼ਿਆਦਾ ਤੇਜ਼ੀ ਨਾਲ ਅਮਲ ਵਿਚ ਆਉਂਦਾ ਹੈ। ਇਹ ਨਿਰਣਾ ਖੋਜ ਤੇ ਅਧਾਰਤ ਹੈ।

ਭਾਰਤ ਦੇ ਸੂਬਾ ਬੰਗਾਲ ਵਿਚ ਵੀ ਇਕ ਵਾਰੀ ਮਾਹਿਰ ਡਾਕਟਰਾਂ ਦੀ ਟੋਲੀ ਨੇ, ਇਲਾਕੇ ਵਿਚ ਪ੍ਰਚਲਤ ਹੱਡੀਆਂ ਦੇ ਇਕ ਰੋਗ ਦੇ ਕਾਰਨਾਂ ਬਾਰੇ ਸਰਵੇਖਣ ਕਰ ਕੇ ਇਹ ਨਿਰਣਾ ਲਿਆ ਕਿ ਹੱਡੀਆਂ ਦਾ ਰੋਗ ਉਨ੍ਹਾਂ ਵਿਅਕਤੀਆਂ ਨੂੰ ਜ਼ਿਆਦਾ ਲਗਦਾ ਹੈ ਜਿਨ੍ਹਾਂ ਦੇ ਕੇਸ ਨਹੀਂ ਹਨ। ਬੰਗਾਲਣ ਔਰਤਾਂ ਆਪਣੇ ਲੰਬੇ ਵਾਲਾਂ ਕਰਕੇ ਆਮ ਤੌਰ ਤੇ ਇਸ ਬੀਮਾਰੀ ਤੋਂ ਮੁਕਤ ਹਨ। ਇਹ ਸਰਵੇਖਣ ਇਕ ਦੋ ਵਿਅਕਤੀਆਂ ਤੇ ਅਧਾਰਤ ਜਾਂਚ ਤੇ ਨਿਰਭਰ ਨਹੀਂ ਸੀ ਕਰਦਾ, ਸਗੋਂ ਇਸ ਲਈ ਹਜ਼ਾਰਾਂ ਵਿਅੱਕਤੀਆਂ ਨੂੰ ਟੈਸਟ ਕੀਤਾ ਗਿਆ।

ਸਰੀਰ ਦੇ ਵਾਲਾਂ ਦੇ ਉਪਰੋਕਤ ਕੁਝ ਇਕ ਪ੍ਰਮਾਣਿਤ ਗੁਣਾਂ ਕਾਰਨ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਨੂੰ ਰੱਖਣਾ ਇਕ ਅਵੱਸ਼ਕਤਾ ਹੈ। ਕੁਝ ਲੋਕੀਂ ਤਾਂ ਕੇਸਾਂ ਨੂੰ ਰੱਬ ਦੀ ਸ਼ਕਤੀ ਅਤੇ ਬਾਣੀ ਗ੍ਰਹਿਣ ਕਰਨ ਲਈ ਏਰੀਅਲ ਦਾ ਦਰਜਾ ਵੀ ਦਿੰਦੇ ਹਨ। ਇਕ ਕੇਸਾਧਾਰੀ ਖ਼ਾਲਸਾ ਸਜੀ ਅੰਗਰੇਜ਼ ਲੇਡੀ ਮੈਕਮਿਲਨ, ਸਿਖਾਂ ਦੀ ਇਕ ਇਕੱਤਰਤਾ ਵਿਚ ਭਾਸ਼ਨ ਕਰਦੀ ਕੇਸਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਗਿਆਂ ਕਹਿੰਦੀ ਹੈ :–

"My dear Sikh Gentlemen ! The keshas of your head are not simply hair, these are those electric wires which attach you to the power house of Mighty Guru Gobind Singh Ji and the cultural crown on the hoary head of Bharat Mata."



bsrstrust.org

ਭਾਵ–ਮੇਰੇ ਪਿਆਰੇ ਸਿਖ ਵੀਰੋ, ਤੁਹਾਡੇ ਸਿਰ ਤੇ ਉਗੇ ਕੇਸਾਂ ਨੂੰ ਤੁਸੀਂ ਸਿਰਫ ਵਾਲ ਹੀ ਨਾ ਸਮਝੋ, ਇਹ ਤਾਂ ਉਹ ਬਿਜਲੀ ਦੀਆਂ ਤਾਰਾਂ ਹਨ ਜਿਹੜੀਆਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀਸ਼ਾਲੀ ਬਿਜਲੀ-ਘਰ ਨਾਲ ਜੋੜਦੀਆਂ ਹਨ। ਤੁਹਾਨੂੰ ਇਨ੍ਹਾਂ ਕੇਸਾਂ ਨੂੰ ਭਾਰਤ ਮਾਤਾ ਦੇ ਸਤਿਕਾਰ ਯੋਗ ਸੀਸ ਤੇ ਸਭਿਆਚਾਰਕ ਤਾਜ ਦੀ ਨਿਆਈਂ ਤਸੱਵਰ ਕਰਨਾ ਚਾਹੀਦਾ ਹੈ।" ਲੇਡੀ ਮੈਕਮਿਲਨ ਦੇ ਉਪਰੋਕਤ ਵਿਚਾਰਾਂ ਤੋਂ ਉਨ੍ਹਾਂ ਦੇ ਕੇਸਾਂ ਬਾਰੇ ਸਤਿਕਾਰ ਵਾਲੇ ਜਜ਼ਬਿਆਂ ਦੇ ਦਰਸ਼ਨ ਹੁੰਦੇ ਹਨ।

ਸ੍ਰੀ ਰਾਬਿੰਦਰਨਾਥ ਟੈਗੋਰ ਨੂੰ ਜਦ ਅਧਿਆਤਮਕ ਚੇਤੰਨਤਾ ਅਨੁਭਵ ਹੋਈ ਤਾਂ ਪਹਿਲਾ ਕੰਮ ਉਨ੍ਹਾਂ ਨੇ ਇਹ ਕੀਤਾ ਕਿ ਉਨ੍ਹਾਂ ਨੇ ਆਪਣੇ ਉਸਤਰੇ ਤੇ ਵਾਲ ਕਟਣ ਵਾਲੇ ਹੋਰ ਸਾਜ਼ੋ ਸਮਾਨ ਨੂੰ ਚੁਕ ਕੇ ਸੁਟ ਦਿਤਾ।

ਸਿੱਖ ਇਤਿਹਾਸ ਵਿਚ ਆਉਂਦਾ ਹੈ ਕਿ ਜਦ ਸ਼ਰਧਾਲੂ ਭਾਈ ਤਾਰੂ ਸਿੰਘ ਜੀ ਦੇ ਕੇਸ ਕਟੇ ਜਾਣ ਲਗੇ ਤਾਂ ਉਨ੍ਹਾਂ ਨੂੰ ਇਹ ਗੱਲ ਬਹੁਤ ਦੁਖਦਾਈ ਲਗੀ ਤੇ ਚਾਰਾਜੋਈ ਲਈ ਵਾਹਿਗੁਰੂ ਅਗੇ ਅਰਦਾਸ ਕੀਤੀ, ਜਿਹੜੀ ਪ੍ਰਵਾਨ ਹੋਈ। ਇਸ ਲਈ ਅਕਾਲ ਪੁਰਖ ਨੇ ਉਨ੍ਹਾਂ ਨੂੰ ਇਤਨੀ ਸ਼ਕਤੀ ਬਖਸ਼ੀ ਕਿ ਪੂਰਾ ਜ਼ੋਰ ਲਾਉਣ ਤੇ ਵੀ ਭਾਈ ਤਾਰੂ ਸਿੰਘ ਜੀ ਦੇ ਕੇਸ ਦੁਸ਼ਮਣਾਂ ਤੋਂ ਨਾ ਕਟੇ ਗਏ, ਤਾਂ ਹੀ ਮਜਬੂਰਨ ਉਨ੍ਹਾਂ ਦੀ ਪੂਰੀ ਖੋਪਰੀ ਉਤਾਰਨੀ ਪਈ, ਜਿਹੜੀ ਉਨ੍ਹਾਂ ਹੱਸ ਕੇ ਲੁਹਾਈ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਇਸ ਸੰਬੰਧ ਵਿਚ ਇਕ ਸਿਦਕੀ ਸਿੱਖ ਭਾਈ ਪ੍ਰੀਤਮ ਸਿੰਘ ਨਿਵਾਸੀ ਪਿੰਡ ਅੰਬੋਮਾਜਰਾ ਨਜ਼ਦੀਕ ਸਰਹੰਦ ਨਾਲ ਬੀਤੀ ਇਕ ਘਟਨਾ ਦਾ ਹਵਾਲਾ ਦੇਣਾ ਉਸੇ ਤੱਤ ਨੂੰ ਦੁਹਰਾਉਂਦਾ ਹੈ, ਜਿਹੜਾ ਕਲ੍ਹ ਦੇ ਇਤਿਹਾਸ ਵਿਚ ਭਾਈ ਤਾਰੂ ਸਿੰਘ ਨਾਲ ਵਾਪਰਿਆ। ਭਾਈ ਪ੍ਰੀਤਮ ਸਿੰਘ ਭਰਪੂਰ ਗੁਰਸਿਖੀ ਜੀਵਨ ਵਾਲਾ ਜੀਵ ਹੈ, ਜਿਸ ਨੂੰ ੧੯੫੫ ਵਿਚ ਕਰਤਾਰਪੁਰ (ਪਾਕਿਸਤਾਨ) ਦੇ ਗੁਰਦਵਾਰਾ ਸਾਹਿਬ ਦੇ ਦਰਸ਼ਨਾਂ ਦੀ ਇਤਨੀ ਤਾਂਘ ਵਧੀ ਕਿ ਉਹ ਸਰਹੱਦ ਪਾਰ ਕਰਕੇ ਰਾਤ ਦੇ ਹਨੇਰੇ ਵਿਚ ਗੁਰਦਵਾਰਾ ਸ੍ਰੀ ਕਰਤਾਰਪੁਰ ਸਾਹਿਬ ਪੁਜਾ। ਰੱਜ ਕੇ ਦਰਸ਼ਨ



bsrstrust.org

ਕੀਤੇ, ਪਾਠ ਕੀਤਾ, ਅਕਾਲ ਪੁਰਖ ਦਾ ਸ਼ੁਕਰਾਨਾ ਅਦੱ ਕੀਤਾ ਕਿ ਮਨ ਦੀ ਲੌਨਾ ਪੂਰੀ ਹੋ ਗਈ ਅਤੇ ਅਰਦਾਸ ਕਰਨ ਉਪਰੰਤ ਜਦ ਜੈਕਾਰਾ ਗਜਾਇਆ ਤਾਂ ਪਾਕਿਸਤਾਨੀ ਹੈਰਾਨ ਰਹਿ ਗਏ ਕਿ ਇਹ ਕੌਣ ਆ ਗਿਆ ਹੈ। ਭਾਈ ਸਾਹਿਬ ਨੂੰ ਜਾਸੂਸ ਜਾਂ ਸਮੱਗਲਰ ਸਮਝ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕੁਝ ਮਨਚਲਿਆਂ ਨੇ ਉਨ੍ਹਾਂ ਦੇ ਕੇਸਾਂ ਦੀ ਬੇ-ਅਦਬੀ ਕਰਨੀ ਚਾਹੀ, ਪਰ ਪੂਰਨ ਯਤਨਾਂ ਪਿਛੋਂ ਵੀ ਉਹ ਅ-ਸਫਲ ਰਹੇ ਅਤੇ ਭਾਈ ਪ੍ਰੀਤਮ ਸਿੰਘ ਜੀ ਦੀ ਅਰਦਾਸ ਨੇ ਉਨ੍ਹਾਂ ਦੇ ਕੇਸਾਂ ਦੀ ਰੱਖਿਆ ਕੀਤੀ। ਉਨ੍ਹਾਂ ਨੂੰ ਕੁਝ ਦੇਰ ਨਜ਼ਰਬੰਦ ਵੀ ਕੀਤਾ ਗਿਆ, ਪਰ ਉਹ ਬਾਹਰੋਂ ਅਡੋਲ ਤੇ ਵਿਚੋਂ ਗਦ ਗਦ ਸਨ ਕਿ ਗੁਰੂ ਨੇ ਨਿਮਾਣੇ ਸੇਵਕ ਦੀ ਪੈਜ ਰਖ ਲਈ ਹੈ। ਆਖ਼ਰ ਕੁਝ ਦੇਰ ਮਗਰੋਂ ਉਨ੍ਹਾਂ ਨੂੰ ਰਿਹਾ ਕਰਵਾ ਕੇ ਭਾਰਤ ਲਿਆਂਦਾ ਗਿਆ। ਆਪਣੇ ਭਗਤਾਂ ਦੀ ਪੈਜ ਅਕਾਲ ਪੁਰਖ ਆਪ ਰਖਦਾ ਆਇਆ ਹੈ।

ਬਦੇਸ਼ੀ ਇਤਿਹਾਸ ਵਿਚ ਸੈਮਸਨ ਇਕ ਅਜਿਹਾ ਸੂਰਬੀਰ ਹੋਇਆ ਹੈ ਜਿਹੜਾ ਆਪਣੀ ਸ਼ਕਤੀ ਨਾਲ ਪੂਰੇ ਹਜੂਮ ਨੂੰ ਕੁਟ ਸੁਟਦਾ ਸੀ ਅਤੇ ਕੋਈ ਬੰਦਾ ਹੀਆ ਨਹੀਂ ਸੀ ਕਰਦਾ ਕਿ ਸੈਮਸਨ ਨਾਲ ਦੋ ਹੱਥ ਕਰੇ। ਬਾਈਬਲ ਵਿਚ ਅੰਕਤ ਹੈ ਕਿ ਦੂਜੇ ਪਾਸੇ ਫ਼ਲਸਤੀਨੀ ਉਸ ਨੂੰ ਖ਼ਤਮ ਵੀ ਜ਼ਰੂਰ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਇਕ ਲੜਕੀ, ਜਿਸ ਦਾ ਨਾਂ ਵਲੇਲਾ ਸੀ, ਨੂੰ ਸੈਮਸਨ ਦੇ ਨੇੜੇ ਕੀਤਾ। ਜਿਸ ਨੇ ਉਸ ਨਾਲ ਪਿਆਰ-ਸਾਂਝ ਪਾ ਕੇ ਉਸ ਦੀ ਸ਼ਕਤੀ ਦਾ ਕਾਰਨ ਪੁਛਣ ਦੀ ਯੋਜਨਾ ਬਣਾਈ। ਸੈਮਸਨ ਨੇ ਉਸ ਨੂੰ ਦਸਿਆ ਕਿ ਇਹ ਸਾਰੀ ਸ਼ਕਤੀ ਉਸ ਦੇ ਕੇਸਾਂ ਕਾਰਨ ਪ੍ਰਮਾਤਮਾ ਪਾਸੋਂ ਉਸ ਨੂੰ ਮਿਲਦੀ ਹੈ। ਫਿਰ ਕੀ ਸੀ, ਜਦ ਭੇਤ ਪਤਾ ਲਗ ਗਿਆ ਤਾਂ ਵਲੇਲਾ ਨੇ ਸੈਮਸਨ ਨੂੰ ਚਕਮੇ ਵਿਚ ਲਿਆ ਕੇ ਸੁੱਤੇ ਪਏ ਦੇ ਕੇਸ ਕਟ ਦਿਤੇ ਅਤੇ ਇਸ ਤਰ੍ਹਾਂ ਸੈਮਸਨ ਸ਼ਕਤੀਹੀਨ ਹੋ ਕੇ ਫ਼ਲਸਤੀਨੀਆਂ ਹਥੋਂ ਮਾਰਿਆ ਗਿਆ।

ਇਸ ਦੇ ਉਲਟ ਇਕ ਗੱਲ ਸਿੱਖ ਖੇਤਰ ਵਿਚ ਵੀ ਪ੍ਰਚਲਤ ਹੈ। ਕਹਿੰਦੇ ਹਨ ਪ੍ਰੋ: ਗੰਗਾ ਸਿੰਘ ਜਿਹੜਾ ਸਿੱਖ ਇਤਿਹਾਸ ਦਾ ਬੜਾ ਗਿਆਤਾ



bsrstrust.org

ਅਤੇ ਬੇਨਜ਼ੀਰ ਬੁਲਾਰਾ ਸੀ, ਜਦ ਇੰਗਲੈਂਡ ਗਿਆ ਤਾਂ ਇਕ ਗੋਰੀ ਉਸ ਨੂੰ ਬਹੁਤ ਪਿਆਰ ਕਰਨ ਲਗ ਪਈ। ਗੋਰੀ ਨੂੰ ਵਧੇਰੇ ਖੁਸ਼ ਕਰਨ ਲਈ ਉਸ ਨੇ ਆਪਣੇ ਕੇਸ ਕਤਲ ਕਰਵਾ ਦਿਤੇ। ਅਗਲੇ ਦਿਨ ਗੋਰੀ ਨੇ ਜਦ ਪ੍ਰੋਫ਼ੈਸਰ ਨੂੰ ਸਿਰ ਮੂੰਹ ਮੁੰਨਿਆ ਵੇਖਿਆ ਤਾਂ ਹੈਰਾਨ ਰਹਿ ਗਈ, ਚੁਪ ਚੁਪੀਤੇ ਉਥੋਂ ਤੁਰ ਗਈ ਤੇ ਫਿਰ ਕਦੇ ਉਸ ਦੇ ਨੇੜੇ ਨਾ ਆਈ। ਇਕ ਵਾਰੀ ਪ੍ਰੋਫ਼ੈਸਰ ਗੰਗਾ ਸਿੰਘ ਵਿਸ਼ੇਸ਼ ਤੌਰ ਤੇ ਉਸ ਨੂੰ ਮਿਲਣ ਗਿਆ, ਪਰ ਉਸ ਨੇ ਉਸ ਵਲ ਕੋਈ ਦਿਲਚਸਪੀ ਨਾ ਵਿਖਾਈ। ਪ੍ਰੋਫ਼ੈਸਰ ਨੇ ਇਸ ਦਾ ਕਾਰਨ ਪੁਛਿਆ ਤਾਂ ਗੋਰੀ ਨੇ ਕਿਹਾ, ਤੇਰੇ ਕੇਸਾਂ ਦਾੜ੍ਹੀ ਵਾਲੇ ਸਰੂਪ ਵਿਚੋਂ ਮੈਨੂੰ ਹਜ਼ਰਤ ਈਸਾ ਦੇ ਦਰਸ਼ਨ ਹੁੰਦੇ ਸਨ, ਜਿਸ ਕਰਕੇ ਮੈਂ ਤੈਨੂੰ ਬੇਹੱਦ ਪਿਆਰ ਕਰਦੀ ਸੀ; ਪਰ ਕੇਸ ਕਟਵਾਉਣ ਮਗਰੋਂ ਈਸਾ ਅਲੋਪ ਹੋ ਗਿਆ। ਮੇਰਾ ਇਸ਼ਕ ਈਸਾ ਨਾਲ ਸੀ ਤੇ ਉਹ ਹੁਣ ਤੇਰੇ ਵਿਚ ਹੈ ਨਹੀਂ। ਇਸ ਲਈ ਤੂੰ ਮੇਰੇ ਲਈ ਹੁਣ ਕੋਈ ਖਿਚ ਨਹੀਂ ਰਖਦਾ। ਗੱਲ ਕੁਝ ਇਵੇਂ ਹੋਈ ਜਿਵੇਂ ਸ਼ਿਅਰ ਵਿਚ ਲਿਖਿਆ ਹੈ :–

ਉਸ ਸ਼ੋਖ਼ ਕੀ ਖ਼ਾਤਰ ਹਮ ਮੁਸਲਮ ਸੇ ਹੂਏ ਹਿੰਦੂ।
ਔਰ ਜ਼ਾਲਮ ਕੋ ਮੇਰੀ ਜ਼ਿਦ ਪਰ ਇਸਲਾਮ ਪਸੰਦ ਆਇਆ।

ਗੱਲ ਵਿਚ ਕਿਤਨੀ ਕੁ ਸਚਾਈ ਹੈ ਇਹ ਤਾਂ ਪ੍ਰੋਫ਼ੈਸਰ ਗੰਗਾ ਸਿੰਘ ਸਹੀ ਜਾਣਦਾ ਹੋਵੇਗਾ, ਪਰ ਉਪਰੋਕਤ ਵਾਰਤਾਲਾਪ ਵਿਚੋਂ ਕੇਸਾਂ ਦੀ ਮਹੱਤਤਾ ਤੇ ਸੁਹੱਪਣ ਦੇ ਦਰਸ਼ਨ ਜ਼ਰੂਰ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੁਹਰ ਕਿਹਾ ਹੈ ਤੇ ਹਰ ਸਿਖ ਲਈ ਇਹ ਬੰਦਸ਼ ਲਗਾਈ ਹੈ ਕਿ ਉਹ ਆਪਣੇ ਸਿਰ ਤੇ ਕੇਸ ਰਖੇ। ਉਨ੍ਹਾਂ ਦੇ ਕਥਨ ਅਨੁਸਾਰ ਉਨ੍ਹਾਂ ਦਾ ਸਰੀਰ ਪੰਥ ਵਿਚ ਸਮੋਇਆ ਹੈ ਅਤੇ ਆਤਮਾ ਗ੍ਰੰਥ ਵਿਚ ਬਿਰਾਜਮਾਨ ਹੈ, ਇਸ ਲਈ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਆਪਣਾ ਰੂਪ ਸਮਝਦੇ ਹਨ ਤਾਂ ਖ਼ਾਲਸੇ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ ਦਾ ਸਰੂਪ ਧਾਰੇ, ਤਾਂ ਉਹ ਗੁਰੂ ਦੀ ਮਿਹਰ ਅਤੇ ਨਿਕਟਤਾ ਦਾ ਪਾਤਰ ਹੋ ਸਕਦਾ ਹੈ। ਗੁਰਵਾਕ ਹਨ–

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।



bsrstrust.org

ਜਬ ਇਹ ਗਹੇ ਬਿਪਰਨ ਕੀ ਰੀਤ ।
ਮੈ ਨ ਕਰੋਂ ਇਨ ਕੀ ਪ੍ਰਤੀਤ ।

ਤਵਾਰੀਖ਼ ਗੁਰੂ ਖ਼ਾਲਸਾ ਭਾਗ ੧ ਨੰਬਰ ੩ ਪੰਨਾ ੧੨੦੧ ਵਾਰ-ਤਕ ਸੂਰਜ ਪ੍ਰਕਾਸ਼ ਕ੍ਰਿਤ ਭਾਈ ਗਿਆਨ ਸਿੰਘ ਜੀ ਗਿਆਨੀ ਦੀ ੮੧ਵੀਂ ਸਾਖੀ ਵਿਚ ਦਰਜ ਕਥਾ ਸੰਖੇਪ ਰੂਪ ਵਿਚ ਇਥੇ ਦਰਜ ਕਰਨੀ ਉਚਿਤ ਹੋਵੇਗੀ । ਜਿਸ ਅਨੁਸਾਰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੁਛਿਆ ਕਿ ਸਭ ਧਰਮਾਂ ਦੇ ਰਿਸ਼ੀਆਂ ਮੁਨੀਆਂ ਦੇ ਕੇਸ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕਟਣ ਦੀ ਭੈੜੀ ਰੀਤੀ ਕਿਵੇਂ ਸ਼ੁਰੂ ਹੋਈ ? ਜਿਸ ਦੇ ਜਵਾਬ ਵਿਚ ਇਹ ਦਸਿਆ ਗਿਆ ਕਿ ਇਕ ਸ਼ੂਦਰ ਰਾਜਾ ਨੰਦ ਚੰਦ ਅਜਿਹਾ ਬਲੀ ਸੀ ਕਿ ਉਸ ਨੇ ਕਈ ਉਚ ਕੋਈ ਦੇ ਰਾਜਿਆਂ ਨੂੰ ਭਾਂਜਾਂ ਦਿਤੀਆਂ । ਹਾਰੇ ਹੋਏ ਰਾਜੇ ਬਿਪਰਾਂ (ਬ੍ਰਾਹਮਣਾਂ) ਕੋਲ ਗਏ ਕਿ ਉਹ ਆਪਣੇ ਜਪ ਤਪ ਤੇ ਮੰਤਰਾਂ ਨਾਲ ਰਾਜਾ ਨੰਦ ਚੰਦ ਦਾ ਵਿਨਾਸ਼ ਕਰਨ । ਰਾਜੇ ਨੇ ਉਨ੍ਹਾਂ ਬ੍ਰਾਹਮਣਾਂ ਨੂੰ ਜਾਨੋਂ ਮਾਰਨ ਦੇ ਆਦੇਸ਼ ਦਿਤੇ, ਜਿਹੜੇ ਉਸ ਵਿਰੁਧ ਮੰਤਰ ਪੜ੍ਹਨ ਵਿਚ ਜੁਟੇ ਹੋਏ ਸਨ, ਪਰ ਉਸ ਦੇ ਵਜ਼ੀਰ ਨੇ ਉਸ ਨੂੰ ਸਲਾਹ ਦਿਤੀ ਕਿ ਬ੍ਰਾਹਮਣਾਂ ਦੀ ਹਤਿਆ ਦਾ ਪਾਪ ਆਪਣੇ ਸਿਰ ਨਾ ਲਵੇ, ਸਗੋਂ ਉਨ੍ਹਾਂ ਦਾ ਸਿਰ ਮੂੰਹ ਮੁੰਨ ਕੇ ਛਡ ਦੇਵੇ, ਇਵੇਂ ਉਹ ਜਪ ਤਪ ਤੋਂ ਵੰਚਤ ਹੋ ਜਾਣਗੇ । ਫਿਰ ਇਵੇਂ ਹੀ ਹੋਇਆ, ਪਰ ਪਤਿਤ ਹੋਏ ਬ੍ਰਾਹਮਣਾਂ ਨੇ ਇਸ ਦੂਖਣ ਨੂੰ ਭੂਖਣ ਕਰ ਕੇ ਪ੍ਰਕਾਸ਼ਤ ਕਰ ਦਿਤਾ ਅਤੇ ਆਪਣੀ ਬੇਸ਼ਰਮੀ ਨੂੰ ਲੁਕਾਉਣ ਲਈ ਮੁੰਡਨ ਦੀ ਸ਼ਲਾਘਾ ਵਿਚ ਕਈ ਸਲੋਕ ਵੀ ਰਚੇ ਅਤੇ ਉਨ੍ਹਾਂ ਨੂੰ ਪੁਰਾਣੇ ਗ੍ਰੰਥਾਂ ਵਿਚ ਪਾ ਦਿਤਾ । ਨਤੀਜੇ ਵਜੋਂ ਇਨ੍ਹਾਂ ਨੂੰ ਪੜ੍ਹ ਸੁਣ ਕੇ ਅਨਪੜ੍ਹ ਤੇ ਭੋਲੇ ਭਾਲੇ ਲੋਕਾਂ ਨੇ ਕੇਸਾਂ ਨੂੰ ਕਤਲ ਕਰਨਾ ਅਰੰਭ ਕਰ ਦਿਤਾ, ਜਿਸ ਤੋਂ ਮੁੰਡਨ ਦਾ ਰਿਵਾਜ ਪਿਆ ।

ਇਸ ਤੋਂ ਪਹਿਲਾਂ ਹਿੰਦੂਆਂ ਵਿਚ ਕੇਸਾਂ ਦਾ ਮੁੰਡਨ ਹੋਰ ਅਰਥਾਂ ਵਿਚ ਹੁੰਦਾ ਸੀ ਕਿ ਉਹ ਕੇਸਾਂ ਨੂੰ ਸਭ ਤੋਂ ਕੀਮਤੀ ਵਸਤੂ ਸਮਝਦੇ ਸਨ ਅਤੇ ਜਦ ਕਿਸੇ ਦੇਵੀ ਦੇਵਤੇ ਅਗੇ ਕੋਈ ਭੇਟਾ ਰਖਣੀ ਹੋਵੇ ਤਾਂ ਉਹ ਆਪਣਾ ਸਿਰ ਮੁੰਡਵਾ ਕੇ ਕੇਸ਼ ਭੇਟ ਕਰਦੇ ਸਨ, ਕਿਉਂਕਿ ਉਨ੍ਹਾਂ ਦੀਆਂ

bsstrust.org

ਨਜ਼ਰਾਂ ਵਿਚ ਇਸ ਤੋਂ ਵਡਮੁੱਲੀ ਦਾਤਿ ਹੋਰ ਕੋਈ ਨਹੀਂ ਸੀ। ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਮੁਸਲਮਾਨ ਮੱਕੇ ਜਾ ਕੇ ਆਪਣੀ ਦਾੜ੍ਹੀ ਦੇ ਰੋਮ ਭੇਂਟ ਕਰਦੇ ਹਨ ਅਤੇ ਪੁਰਾਣੇ ਸਮਿਆਂ ਵਿਚ ਇਸਰਾਈਲੀ ਵੀ ਕੇਸਾਂ ਦੀ ਦਾਤਿ ਹੀ ਚੜ੍ਹਾਵੇ ਵਜੋਂ ਚੜ੍ਹਾਇਆ ਕਰਦੇ ਸਨ। ਪਰ ਅੱਜ ਇਤਨੀ ਵਡਮੁੱਲੀ ਵਸਤੂ ਦੀ ਕਿਤਨੀ ਨਕਦਰੀ ਹੋ ਰਹੀ ਹੈ, ਇਹ ਕਿਸੇ ਤੋਂ ਲੁਕੀ ਛਿਪੀ ਨਹੀਂ।

ਸਾਇੰਸ ਦੀ ਅਜੋਕੀ ਖੋਜ ਨੇ ਕੇਸ ਰਖਣ ਦੇ ਕਈ ਗੁਣਾਂ ਬਾਰੇ ਚਾਨਣਾ ਪਾਇਆ ਹੈ, ਪਰ ਗੁਰੂ ਦਾ ਸਿੱਖ ਤਾਂ ਆਪਣੇ ਗੁਰੂ ਦੇ ਹੁਕਮ ਵਿਚ ਆ ਕੇ ਕੇਸਾਂ ਨੂੰ ਉਸ ਮਹਾਨ ਗੁਰੂ ਦੀ ਬਖਸ਼ਸ਼ ਸਮਝ ਕੇ ਸਤਿਕਾਰਦਾ ਹੈ, ਜਿਵੇਂ ਬਾਬਾ ਆਲਾ ਸਿੰਘ ਵਰਗੀਆਂ ਮਹਾਨ ਆਤਮਾਵਾਂ ਦਾ ਵਰਨਣ ਇਤਿਹਾਸ ਵਿਚ ਆਉਂਦਾ ਹੈ, ਜਿਨ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਸਵਾ ਲੱਖ ਰੁਪਏ ਹਰਜਾਨਾ ਭਰ ਦਿਤਾ, ਪਰ ਕੇਸ ਕਟਵਾਉਣ ਦੀ ਸ਼ਰਤ ਨੂੰ ਨਾ ਮੰਨਿਆ ਅਤੇ ਆਪਣੀ ਰੋਜ਼ ਦੀ ਅਰਦਾਸ ਅਨੁਸਾਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਗੁਰੂ ਅਰਜਨ ਦੇਵ ਜੀ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੮੪ ਤੇ ਦਿਤੇ ਸ਼ਬਦ 'ਸਾਬਤ ਸੂਰਤਿ ਦਸਤਾਰ ਸਿਰਾ' ਵਿਚ ਆਪਣੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਤੁਹਾਡਾ ਸਰੀਰ ਸ਼ੁਭ ਕਰਮ ਕਰੇ, ਤੁਸੀਂ ਇਸ ਸੰਸਾਰ ਵਿਚ ਰਹਿੰਦੇ ਹੋਏ ਪ੍ਰਸੰਨ ਚਿਤ ਰਹੋ, ਪਰ ਇਸ ਦੇ ਨਾਲ ਪ੍ਰਮਾਤਮਾ ਵਲੋਂ ਦਿਤੇ ਹੋਏ ਸਰੂਪ ਨੂੰ ਪੂਰੀ ਤਰ੍ਹਾਂ ਬਰਕਰਾਰ ਰਖੋ ਅਤੇ ਆਪਣੇ ਸਿਰ ਉਤੇ ਪਗੜੀ ਜ਼ਰੂਰ ਬੰਨ੍ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕੇਸਾਂ ਦੀ ਮਹੱਤਤਾ ਬਾਰੇ ਸਾਨੂੰ ਸੁਚੇਤ ਕੀਤਾ ਹੈ ਕਿ ਉਸੇ ਨੂੰ ਹੀ ਰੱਬ ਦਾ ਸਹੀ ਸੇਵਕ ਸਮਝਿਆ ਜਾਵੇਗਾ ਜਿਹੜਾ ਪ੍ਰਮਾਤਮਾ ਦੀ ਦਿਤੀ ਹੋਈ ਦਾਤਿ ਕੇਸਾਂ ਨੂੰ ਸੰਭਾਲ ਕੇ ਰਖੇਗਾ। ਇਹ ਕੇਸ ਹੀ ਉਸ ਨੂੰ ਰੱਬ ਦੇ ਦਰਬਾਰ ਵਿਚ ਦਾਖ਼ਲ ਹੋਣ ਦਾ ਮਾਣ ਦੇਣਗੇ, ਕਿਉਂਕਿ ਕੇਸ ਵਿਅਕਤੀ ਨੂੰ ਪਵਿਤਰ ਅਤੇ ਉਚਾ ਮੁਰਾਤਬਾ ਬਖਸ਼ਦੇ ਹਨ। ਸੰਬੰਧਤ ਵਿਚਾਰ ਬਾਰੇ ਜਨਮ ਸਾਖੀ ਦੀਆਂ ਪੰਗਤੀਆਂ ਇਵੇਂ ਹਨ–

bsrstrust.org

'ਸੱਚੀ ਸੁਨਤ ਰਬ ਦੀ ਮੁਇ (ਕੇਸ) ਲੈ ਆਇਆ ਨਾਲ
ਜੋ ਰਖੇ ਮੁਇ ਅਮਾਨਤੀ ਸੋ ਖਾਸਾ ਬੰਦਾ ਭਾਲ
ਫਿਰ ਗਿਆ ਦਰਗਾਹ ਵਿਚ ਅਗੇ ਰਖ ਨੀਸ਼ਾਨ
ਹੋਰ ਦਰਗਾਹ ਢੋਈ ਨਾ ਲਹਿਨ... ...
ਅਵਲ ਸੁਨਤ ਮੁਇ ਹੈ ਸਿਰ ਪਰ ਰਖੇ ਜੋਇ
ਪਾਵੇ ਮਰਾਤਬ ਸਯਾਈ ਵਡਾ ਰਿਖੀਸਰ ਹੋਏ ।'

ਭਾਵੇਂ ਕੇਸ ਰਖਣ ਦੀ ਵਿਧੀ ਪੂਰਬਕ ਬੰਦਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਿੰਘਾਂ ਉਤੇ ਲਗਾਈ ਅਤੇ ਕੇਸਾਂ ਨੂੰ ਉਨ੍ਹਾਂ ਨੇ ਪ੍ਰਥਮ ਕਕਾਰ‡ ਦਾ ਦਰਜਾ ਦਿਤਾ, ਪਰ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਤੌਰ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਵੀ ਸਿੱਖ ਅਤੇ ਸਿੱਖ ਗੁਰੂ ਸਾਹਿਬਾਨ ਕੇਸਾਧਾਰੀ ਸਨ । ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਦਿਆਲਾ ਜੀ, ਭਾਈ ਘਨੱਯਾ ਜੀ, ਬਾਬਾ ਬੁੱਢਾ ਜੀ ਕੇਸਾਧਾਰੀ ਗੁਰਸਿੱਖ ਸਨ । ਕੇਸਾਂ ਵਾਲੇ ਅੰਮ੍ਰਿਤਧਾਰੀ ਸਿੱਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਦੀ ਉਪਾਧੀ ਦਿਤੀ, ਜਿਹੜੇ ਮੈਦਾਨੇ ਜੰਗ ਵਿਚ ਸਿੰਘਾਂ ਵਾਂਗਰ ਗਰਜੇ ਤੇ ਧਰਮ-ਜੁਧ ਵਿਚ ਦੁਸ਼ਮਣਾਂ ਦੇ ਛਕੇ ਛੁਡਾਏ । (ਸਿੰਘ ਸ਼ੇਰ ਨੂੰ ਕਹਿੰਦੇ ਹਨ ਅਤੇ ਸ਼ੇਰ ਹੀ ਇਕ ਅਜਿਹਾ ਬਹਾਦਰ ਜਾਨਵਰ ਹੈ ਜਿਸ ਦੇ ਸਿਰ ਤੇ ਵਾਲ ਹਨ) ।

ਕੇਸਾਂ ਦੀ ਮਹੱਤਤਾ ਨੂੰ ਧਾਰਮਕ ਤੇ ਵਿਗਿਆਨਕ ਪੱਧਰ ਤੇ ਮਹੱਤਵਪੂਰਨ ਸਮਝਦਿਆਂ ਹੋਇਆਂ ਅਸੀਂ ਦੇਖਦੇ ਹਾਂ ਕਿ ਯਸੂ ਮਸੀਹ ਤੇ ਹਜ਼ਰਤ ਮੁਹੰਮਦ ਸਾਹਿਬ ਦੇ ਕੇਸ 'ਦਾੜ੍ਹੀ' ਤੇ ਮੁਛਾਂ ਉਸੇ ਤਰ੍ਹਾਂ ਹੀ

---

‡ 'ਕੇਸ' ਸਰੀਰ ਦੇ ਸਾਰੇ ਅੰਗਾਂ ਵਾਂਗ ਹੀ ਸਰੀਰ ਦਾ ਹਿੱਸਾ ਤੇ ਇਕ ਅੰਗ ਹਨ । ਇਹ ਹਰ ਪ੍ਰਾਣੀ ਨੂੰ ਜਨਮ ਤੋਂ ਹੀ ਰੱਬੀ ਦਾਤਿ ਵਜੋਂ ਪ੍ਰਾਪਤ ਹੁੰਦੇ ਹਨ । ਇਨ੍ਹਾਂ ਦੀ ਕਾਂਟ ਛਾਂਟ ਨਾਲ ਸਿਖ ਸਿੱਖੀ ਤੋਂ ਖ਼ਾਰਜ ਹੈ । ਕਕਾਰ ਤਾਂ ਸਰੀਰ ਉਪਰ ਬਾਹਰੋਂ ਧਾਰਨ ਕੀਤੇ ਜਾਂਦੇ ਹਨ । ਪੰਜਵਾਂ ਕਕਾਰ ਕੇਸਾਂ ਨੂੰ ਸੰਭਾਲਣ-ਵਾਲੀ ਕੇਸਕੀ ਅਥਵਾ ਛੋਟੀ ਦਸਤਾਰ ਹੈ ।

—ਸੰਪਾਦਕ

bsrstrust.org

ਹਨ ਜਿਵੇਂ ਕਿ ਸਿਖ ਗੁਰੂ ਸਾਹਿਬਾਨ ਦੀਆਂ ਹਨ, ਪਰ ਕ੍ਰਿਸ਼ਨ ਜੀ, ਰਾਮ ਚੰਦਰ ਜੀ ਅਤੇ ਗੌਤਮ ਬੁੱਧ ਦੇ ਕੇਸ ਤਾਂ ਹਰ ਚਿਤਰ ਤੇ ਮੂਰਤੀ ਵਿਚ ਦਰਸਾਏ ਗਏ ਹਨ, ਪਰ ਦਾੜ੍ਹੀ ਤੇ ਮੁੱਛਾਂ ਨਹੀਂ ਹਨ। ਇਸ ਦਾ ਕਾਰਨ ਪੂਨਾ ਦੇ ਪ੍ਰਸਿਧ ਧਾਰਮਕ ਵਿਦਵਾਨ ਅਚਾਰੀਆ ਰਜਨੀਸ਼ ਨੇ ਆਪਣੇ ਆਸ਼ਰਮ ਵਿਚ ੧੯ ਮਈ ੧੯੭੫ ਦੇ ਇਕ ਭਾਸ਼ਨ ਵਿਚ ਦਸਦਿਆਂ ਕਿਹਾ ਕਿ ਵਾਸਤਵ ਵਿਚ ਇਨ੍ਹਾਂ ਹਿੰਦੂ ਤੇ ਬੋਧੀ ਅਵਤਾਰਾਂ ਦੀਆਂ ਵੀ ਕੇਸਾਂ ਦੇ ਨਾਲ ਨਾਲ ਦਾੜ੍ਹੀ ਮੁੱਛਾਂ ਸਨ, ਪਰ ਇਨ੍ਹਾਂ ਨੂੰ ਪੁਰਸ਼ ਗੁਣਾਂ ਦੀ ਥਾਂ ਦਯਾ, ਸਿਦਕ, ਨਿਮਰਤਾ, ਹਲੀਮੀ, ਕੋਮਲਤਾ ਤੇ ਸੇਵਾ ਦੇ ਗੁਣਾਂ ਨੂੰ ਉਜਾਗਰ ਕਰਨ ਲਈ ਇਸਤ੍ਰੀ ਰੂਪੀ ਪ੍ਰਭਾਵਾਂ ਵਾਲਾ ਦਸਿਆ ਗਿਆ ਹੈ, ਤਾਂ ਜੁ ਇਸ ਰੂਪ ਵਿਚ ਇਨ੍ਹਾਂ ਦੇ ਦਰਸ਼ਨਾਂ ਨਾਲ ਇਹ ਦਯਾ ਵਾਲੇ ਸ਼ੁਭ ਗੁਣ ਮਨੁੱਖੀ ਸਭਿਆਚਾਰ ਵਿਚ ਸਿੰਚ ਜਾਣ। ਅਗੇ ਜਾ ਕੇ ਅਜਿਹੇ ਨਰਮ ਸੁਭਾਈ ਗੁਣਾਂ ਕਾਰਨ ਸਮੁੱਚੀ ਕੌਮ ਵਿਚ ਕਰੜੇ-ਪਨ ਦਾ ਅਭਾਵ ਹੋਣ ਲਗ ਪਿਆ, ਜਿਸ ਦੇ ਫਲ-ਸਰੂਪ ਕੌਮ, ਪੁਰਖੀ-ਸ਼ਕਤੀ ਦੇ ਖੇਤਰ ਵਿਚ ਨਿਰਬਲ ਹੋਣ ਲਗ ਪਈ। ਕਿਉਂਕਿ ਸਿਖ ਗੁਰੂ ਸਾਹਿਬਾਨ ਨੇ ਕੌਮ ਵਿਚ ਮਰਦਾਊ ਗੁਣ ਭਰਨੇ ਸਨ, ਤਾਂ ਜੁ ਉਹ ਆਪਣੀ ਤੇ ਆਪਣੇ ਸਮਾਜ ਦੀ ਰੱਖਿਆ ਕਰ ਸਕੇ, ਇਸ ਲਈ ਉਨ੍ਹਾਂ ਨੇ ਕੇਸ ਦਾੜ੍ਹੀ ਰਖਣ ਉਤੇ ਵਿਸ਼ੇਸ਼ ਜ਼ੋਰ ਦਿਤਾ ਤੇ ਨਾਲ ਹੀ ਸਿਖ ਵਿਚ ਦਯਾ, ਨਿਮਰਤਾ ਤੇ ਦੂਜੇ ਦੇ ਹਿਤਾਂ ਦੀ ਰਾਖੀ ਦੀ ਸਮਰੱਥਾ ਭਰੀ। ਅਚਾਰੀਆ ਰਜਨੀਸ਼ ਦੇ ਇਸ ਤਰਕ ਤੋਂ ਹੋਰ ਕਿਸੇ ਗੱਲ ਦਾ ਅਰਥ ਕਢੇ ਬਗ਼ੈਰ ਅਸੀਂ ਇਹ ਯੋਗ ਸਮਝਦੇ ਹਾਂ ਕਿ ਜੇ ਗੌਤਮ ਬੁੱਧ, ਰਾਮ ਚੰਦਰ ਤੇ ਕ੍ਰਿਸ਼ਨ ਜੀ ਦੇ ਕੇਸ ਸਨ ਤਾਂ ਉਨ੍ਹਾਂ ਦੀਆਂ ਦਾੜ੍ਹੀਆਂ ਤੇ ਮੁੱਛਾਂ ਵੀ ਜ਼ਰੂਰ ਹੋਣਗੀਆਂ ਤੇ ਉਹ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਹੋਣਗੇ। ਇਹ ਗੱਲ ਵੱਖਰੀ ਹੈ ਕਿ ਅਸੀਂ ਆਪਣੀ ਇੱਛਾ ਜਾਂ ਲੋੜ ਅਨੁਸਾਰ ਉਹਨਾਂ ਸੂਰਮਿਆਂ ਦੇ ਬੜੇ ਸੋਹਲ ਤੇ ਤਿਖੇ ਨਕਸ਼ਾਂ ਵਾਲੇ ਚਿਤਰ ਤੇ ਮੂਰਤੀਆਂ ਘੜ ਲਈਆਂ ਹਨ।

ਜਿਥੇ ਵਿਗਿਆਨੀਆਂ ਨੇ ਵਖ ਵਖ ਪੱਖਾਂ ਤੇ ਖੋਜ ਕਰ ਕੇ ਸਿਧ

bsrstrust.org

ਕੀਤਾ ਹੈ ਕਿ ਕੇਸ ਰਖਣੇ ਦਿਲ, ਦਿਮਾਗ਼ ਅਤੇ ਮਾਨਸਕ ਇਕਸਾਰਤਾ ਲਈ ਜ਼ਰੂਰੀ ਹਨ, ਉਥੇ ਮਨੋਵਿਗਿਆਨਕ ਖੋਜੀਆਂ ਨੇ ਕੇਸ ਕਟਵਾਉਣ ਦੀ ਪਰਵਿਰਤੀ ਬਾਰੇ ਘੋਖ ਕਰਦਿਆਂ ਇਹ ਅਨੁਮਾਨ ਲਗਾਇਆ ਹੈ ਕਿ ਮਨੁੱਖ ਦੇ ਧੁਰ ਅੰਦਰਲੇ ਮਨ ਅੰਦਰ ਇਕ ਅਜਿਹਾ ਸੰਘਰਸ਼ ਚਲ ਰਿਹਾ ਹੈ ਜਿਸ ਰਾਹੀਂ ਆਦਮੀ ਆਪਣੇ ਸਰੂਪ ਤੋਂ ਛੁਟਕਾਰਾ ਪਾ ਕੇ ਇਸਤ੍ਰੀ ਰੂਪ ਧਾਰਨ ਕਰਨਾ ਚਾਹੁੰਦਾ ਹੈ, ਅਤੇ ਇਸਤ੍ਰੀ ਮਰਦ ਦੀ ਸ਼ਕਲ ਪ੍ਰਾਪਤ ਕਰਨ ਵਿਚ ਪ੍ਰਸੰਨਤਾ ਲੋਚਦੀ ਹੈ। ਮਨੋ-ਵਿਗਿਆਨੀਆਂ ਦਾ ਕਥਨ ਹੈ ਕਿ ਇਸ ਸੰਘਰਸ਼ ਦੇ ਅਚੇਤ ਪ੍ਰਭਾਵ ਸਦਕਾ ਹੀ ਮਰਦ ਨੇ ਆਪਣੇ ਮਰਦਾਊਪੁਣੇ ਦੇ ਚਿੰਨ੍ਹ ਦਾੜ੍ਹੀ ਨੂੰ ਤਿਲਾਂਜਲੀ ਦੇਣੀ ਅਰੰਭ ਕਰ ਦਿਤੀ, ਤਾਂ ਜੁ ਉਹ ਔਰਤ ਵਰਗਾ ਮਲੂਕ ਦਿਸਣ ਲਗ ਪਵੇ। ਦਾੜ੍ਹੀ ਕੇਸ ਕਟਵਾਣ ਦੇ ਇਸ ਮਨੋਵਿਗਿਆਨਕ ਕਾਰਨ ਦਾ ਵਿਸ਼ਲੇਸ਼ਣ ਪ੍ਰਸਿਧ ਮਨੋ-ਵਿਗਿਆਨੀ ਗੁਸਤਾਵ ਜੁੰਗ ਨੇ ਕੀਤਾ, ਪਰ ਇਸ ਨੂੰ ਪੂਰੀ ਤਰ੍ਹਾਂ ਮੰਨਣ ਲਈ ਹਾਲੇ ਵਾਚਣ, ਪੜ੍ਹਨ, ਘੋਖਣ ਅਤੇ ਅਜ਼ਮਾਉਣ ਦੀ ਲੋੜ ਹੈ। ਪਰ ਜੇ ਇਹ ਨਿਸ਼ਕਰਸ਼ ਮਨੋਵਿਗਿਆਨਕ ਪਰਖ ਦੇ ਅਧਾਰ ਤੇ ਸਹੀ ਸਿਧ ਹੋ ਨਿਬੜੇ ਤਦ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪਖੋਂ ਵੀ ਦੇਣਾ ਨਹੀਂ ਦੇ ਸਕਦੇ, ਜਿਨ੍ਹਾਂ ਨੇ ਸਾਨੂੰ ਹਦਾਇਤ ਕੀਤੀ ਹੈ ਕਿ ਅਸੀਂ ਅਕਾਲ ਪੁਰਖ ਵਲੋਂ ਦਿਤੇ ਸਰੂਪ ਨੂੰ ਬਰਕਰਾਰ ਰਖੀਏ। ਅਜਿਹਾ ਕਰਨ ਨਾਲ ਸਾਡੇ ਮਨ ਦੀਆਂ ਡੂੰਘਾਈਆਂ ਵਿਚ ਚਲ ਰਹੀ ਇਹ ਜੰਗ ਵੀ ਠੰਢੀ ਪੈ ਜਾਵੇਗੀ ਤੇ ਸਾਡੇ ਚੰਚਲ ਮਨ ਨੂੰ ਟਿਕਾਉ ਮਿਲੇਗਾ। ਇਹ ਸਾਰਾ ਕੁਝ ਕੇਸਾਂ ਨੂੰ ਸਵੀਕਾਰ ਕਰਨ ਦੇ ਸਿੱਟੇ ਵਜੋਂ ਹੀ ਪ੍ਰਾਪਤ ਹੋ ਸਕਦਾ ਹੈ, ਕਿਉਂਕਿ ਇਨ੍ਹਾਂ ਨੂੰ ਰੱਖ ਕੇ ਹੀ ਅਸੀਂ ਸਾਬਤ ਸੂਰਤ ਰਹਿ ਸਕਦੇ ਹਾਂ।

'ਸਾਬਤ ਸੂਰਤਿ ਰਬ ਦੀ ਭੰਨੇ ਬੇਈਮਾਨ।'

ਅਮਰੀਕਾ ਦੇ ਪ੍ਰਸਿਧ ਇਤਿਹਾਸਕਾਰ ਮਿਸਟਰ ਤਿਆਨਬੀ ਪਾਸੋਂ ਉਸ ਦੀ ਇਕ ਪਾਠਕਾ ਨੇ ਪੁਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਦਾ ਇਤਿਹਾਸ ਲਿਖਿਆ ਹੈ, ਇਸ ਲਈ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ। ਕਿਰਪਾ ਕਰਕੇ ਆਪਣੇ ਗਿਆਨ-ਤਜਰਬੇ ਅਤੇ ਸੋਚ ਦੇ ਅਧਾਰ ਤੇ



bsrstrust.org

ਇਹ ਦਸਣ ਦੀ ਖੇਚਲ ਕਰੋ ਕਿ ਦੁਨੀਆ ਵਿਚ ਸਭ ਤੋਂ ਖ਼ੂਬਸੂਰਤ ਮਨੁੱਖ ਕਿਹੜਾ ਹੈ। ਤਿਆਨਬੀ ਨੇ ਬਿਨਾਂ ਝਿਜਕ ਆਪਣੀ ਪਾਠਕਾਂ ਨੂੰ ਦਸਿਆ ਕਿ ਸੰਸਾਰ ਦਾ ਸਭ ਤੋਂ ਸੁਹਣਾ ਮਨੁੱਖ ਉਹ ਸਿਖ ਹੈ ਜਿਸ ਨੇ ਆਪਣੇ ਸਿਰ ਤੇ ਪੂਰੇ ਪੂਰੇ ਵਾਲ ਅਤੇ ਮੂੰਹ ਤੇ ਖੁਲ੍ਹੀ ਦਾੜ੍ਹੀ ਰਖੀ ਹੋਈ ਹੈ, ਕਿਉਂਕਿ ਅਜਿਹਾ ਮਨੁੱਖ ਹੀ ਪੂਰਨ ਸਰੂਪ ਵਿਚ ਹੈ। ਖ਼ੂਬਸੂਰਤੀ ਦੇ ਇਸ ਵਰਣਨ ਨੂੰ ਸੁਣ ਕੇ ਪਾਠਕਾ ਹੈਰਾਨ ਰਹਿ ਗਈ ਅਤੇ ਇਹ ਜਵਾਬ ਸੁਣ ਕੇ ਉਸ ਨੇ ਫਿਰ ਸਵਾਲ ਕੀਤਾ ਕਿ ਇਹ ਤਾਂ ਠੀਕ ਹੀ ਹੋਵੇਗਾ, ਪਰ ਹੁਣ ਲਗਦੇ ਹੱਥ ਇਹ ਵੀ ਦਸ ਦਿਉ ਕਿ ਤੁਹਾਡੇ ਵਿਚਾਰ ਅਨੁਸਾਰ ਸੰਸਾਰ ਭਰ ਵਿਚ ਸਭ ਤੋਂ ਬਦਸੂਰਤ ਮਨੁੱਖ ਕੌਣ ਹੈ। ਤਾਂ ਉਸ ਨੇ ਫਿਰ ਝਟ ਕਿਹਾ, ਕੇਸ ਤੇ ਦਾੜ੍ਹੀ ਨੂੰ "ਮੁੰਨਣ ਵਾਲਾ"। ਸ਼ਾਇਦ ਕੇਸਾਂ ਦੀ ਦਾਤਿ ਨੂੰ ਵੀ ਸਵੀਕਾਰ ਕਰਨ ਕਾਰਨ ਹੀ ਤਿਆਨਬੀ ਨੇ ਆਪਣੇ ੨੦ ਜਿਲਦਾਂ ਵਿਚ ਲਿਖੇ ਇਨਸਾਨੀ ਵਿਕਾਸ ਦੇ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦਾ ਭਵਿੱਖ ਕਿਸੇ ਵੀ ਹਾਲਤ ਵਿਚ ਧੁੰਦਲਾ ਨਹੀਂ ਅਤੇ ਆਪਣੀ ਅਦੁਤੀ ਫ਼ਿਲਾਸਫ਼ੀ ਕਾਰਨ ਮਨੁੱਖਤਾ ਦੇ ਸਰਵਨਾਸ਼ ਹੋਣ ਤੇ ਵੀ ਉਹ ਬਚ ਨਿਕਲੇਗਾ।

ਯੌਰਪ ਤੇ ਅਮਰੀਕਾ ਵਿਚ ਸਭ ਮਾਇਕ ਅਤੇ ਹੋਰ ਸੁਖ ਸਾਧਨ ਹੋਣ ਦੇ ਬਾਵਜੂਦ ਵੀ ਬੇਹਦ ਬੇਚੈਨੀ ਹੋ ਗਈ ਅਤੇ ਕੁਝ ਵਿਦਵਾਨਾਂ ਦਾ ਇਹ ਮਤ ਹੈ ਕਿ ਜੇਕਰ ਪਛਮ ਦੇ ਵਿਕਸਤ ਦੇਸ਼ਾਂ ਦੇ ਵਸਨੀਕ ਕੇਸ ਰਖ ਲੈਣ ਤਾਂ ਉਨ੍ਹਾਂ ਦੀ ਬਹੁਤ ਹਦ ਤਕ ਮਾਨਸਕ ਪਰੇਸ਼ਾਨੀ ਖ਼ਤਮ ਹੋ ਜਾਵੇਗੀ, ਕਿਉਂਕਿ ਕੇਸ ਨਰਵਸ ਸਿਸਟਮ ਨੂੰ ਮਜ਼ਬੂਤ ਕਰਦੇ ਹਨ ਤੇ ਸਭ ਮਾਨਸਕ ਪਰੇਸ਼ਾਨੀਆਂ ਅਤੇ ਮਾਯੂਸੀਆਂ ਕਮਜ਼ੋਰ ਨਰਵਸ ਸਿਸਟਮ ਦੀ ਹੀ ਉਪਜ ਹਨ। ਜਦ ੧੯੬੦ ਵਿਚ ਅਮਰੀਕਾ ਤੇ ਹੋਰ ਪਛਮੀ ਦੇਸ਼ ਠੰਡੀ ਜੰਗ ਕਾਰਨ ਪਰੇਸ਼ਾਨ ਸਨ ਤਾਂ ਕੁਦਰਤ ਨੇ ਉਹਨਾਂ ਦੀ ਇਸ ਪਰੇਸ਼ਾਨੀ ਨੂੰ ਦੇਖਦਿਆਂ ਹੋਇਆਂ, ਨਵੀਂ ਪੀੜ੍ਹੀ ਵਿਚ ਅਜਿਹੇ ਭਾਵਾਂ ਦਾ ਸੰਚਾਰ ਕੀਤਾ, ਜਿਨ੍ਹਾਂ ਦੇ ਫਲ-ਸਰੂਪ ਲੰਬੇ ਲੰਬੇ ਪਟੇ ਰਖਣ ਵਾਲੀ ਪਨੀਰੀ ਸਾਰੇ ਪਛਮੀ ਸੰਸਾਰ ਵਿਚ ਹੋਂਦ ਵਿਚ ਆ ਗਈ, ਜਿਹੜੀ ਅਜ ਆਪਣੇ


bsrstrust.org

ਪਿਤਰਾਂ ਨਾਲੋਂ ਘਟ ਬੇਚੈਨ ਅਤੇ ਵਧੇਰੇ ਸਾਦਾ ਹੈ।

ਗੱਲ ਇਥੇ ਹੀ ਨਹੀਂ ਮੁਕੀ, ਵਾਹਿਗੁਰੂ ਦੇ ਹੁਕਮ ਨਾਲ ਅਮਰੀਕਾ ਵਿਚ ਕੇਸਾਧਾਰੀ ਤਿਆਰ-ਬਰ-ਤਿਆਰ ਨਵੇਂ ਸਜੇ ਅਮਰੀਕਨ ਸਿੰਘਾਂ ਦੇ ਉਚੇ ਸੁਚੇ ਕਿਰਦਾਰ, ਸਪੱਸ਼ਟ ਅਤੇ ਮੁਲੰਮਾ ਰਹਿਤ ਜੀਵਨ, ਗੁਰ-ਆਸ਼ੇ ਅਨੁਸਾਰ ਸਥਾਪਤ ਕੀਤੀ ਰਹੁ-ਰੀਤੀ ਅਤੇ ਅਮਲੀ ਤੌਰ ਤੇ ਸੁਚੱਜੇ ਇਖ਼ਲਾਕ ਦੇ ਧਾਰਨੀ ਸਿੰਘਾਂ ਦੀਆਂ ਮਿਸਾਲਾਂ ਨੇ ਪੱਛਮ ਵਿਚ ਅਧਿਆਤ-ਮਕ ਸੂਝ ਲਈ ਇਕ ਸੁਖਾਵੇਂ ਵਾਤਾਵਰਨ ਦੇ ਪਿੜ ਬੰਨ੍ਹਣੇ ਵੀ ਅਰੰਭ ਕਰ ਦਿਤੇ ਹਨ ਅਤੇ ਕੇਸਾਂ ਵਾਲੇ ਅਮਰੀਕਨ ਸਿੰਘਾਂ ਨੂੰ ਸਾਰੀਆਂ ਖ਼ੂਬੀਆਂ ਦਾ ਮੁਜੱਸਮਾ ਤਸੱਵਰ ਕੀਤਾ ਜਾਣ ਲਗ ਪਿਆ ਹੈ। ਇਨ੍ਹਾਂ ਕਾਰਨਾਂ ਕਰਕੇ ਵੀ ਉਥੇ ਕੇਸਾਂ ਬਾਰੇ ਜਗਿਆਸਾ ਵਧ ਰਹੀ ਹੈ।

ਸੋ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੇਸ ਅਕਾਲ ਪੁਰਖ ਨੇ ਮਨੁੱਖ ਨੂੰ ਬਿਨਾਂ ਕਿਸੇ ਜ਼ਾਤ-ਪਾਤ ਨੂੰ ਦੇਖਦਿਆਂ ਹੋਇਆਂ, ਤੋਹਫ਼ੇ ਵਜੋਂ ਦਿੱਤੇ ਹਨ, ਇਸ ਲਈ ਇਨ੍ਹਾਂ ਨੂੰ ਫ਼ੈਸ਼ਨ ਦੀ ਬਲੀ ਚੜ੍ਹਾ ਕੇ ਮਨੁੱਖਤਾ ਨੂੰ ਬੇਤਰਤੀਬੇ ਜੀਵਨ ਵਲ ਨਹੀਂ ਘਸੀਟਿਆ ਜਾਣਾ ਚਾਹੀਦਾ, ਸਗੋਂ ਇਨ੍ਹਾਂ ਨੂੰ ਠੀਕ ਠਾਕ ਹਾਲਤ ਵਿਚ ਰਖ ਕੇ ਇਸ ਗੱਲ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਅਸੀਂ ਪ੍ਰਮਾਤਮਾ ਦੀ ਇਸ ਦਾਤਿ ਨੂੰ ਸੰਭਾਲ ਕੇ ਰਖਣ ਵਿਚ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ ਕਿ ਅਸੀਂ ਅਕਾਲ ਪੁਰਖ ਨੂੰ ਮਹਾਨ ਸਮਝਦੇ ਹਾਂ ਅਤੇ ਉਸ ਵਲੋਂ ਦਿਤੇ ਸਰੂਪ ਨੂੰ ਉਸੇ ਹੀ ਰੂਪ ਵਿਚ ਧਾਰਨ ਕਰ ਕੇ, ਉਸ ਦੀ ਆਗਿਆਕਾਰਤਾ ਅਤੇ ਮਿਹਰ-ਦ੍ਰਿਸ਼ਟੀ ਵਿਚ ਰਹਿੰਦੇ ਹਾਂ। ਕੇਸਾਧਾਰੀ ਹੋ ਕੇ ਅਸੀਂ ਉਸ ਦੇ ਸਰੂਪ ਵਾਲੇ ਹੋਣ ਦਾ ਗੌਰਵ ਪ੍ਰਾਪਤ ਕਰ ਸਕਦੇ ਹਾਂ, ਕਿਉਂਕਿ ਜਿਨ੍ਹਾਂ ਵੀ ਮਹਾਨ ਆਤਮਾਵਾਂ ਨੇ ਆਪਣੀ ਦਿਬ-ਦ੍ਰਿਸ਼ਟੀ ਨਾਲ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਨੇ ਕਿਸੇ ਨਾ ਕਿਸੇ ਢੰਗ ਵਿਚ ਉਸ ਦੇ ਲੰਮੇ ਸੁਹਣੇ ਕੇਸਾਂ ਦੀ ਤਾਰੀਫ਼ ਕੀਤੀ ਹੈ, ਇਸ ਕਰਕੇ ਹੀ ਵਾਹਿਗੁਰੂ ਦੇ ਗੁਣਾਤਮਕ ਨਾਵਾਂ ਵਿਚ 'ਕੇਸਵ' ਵੀ ਹੈ, ਜਿਸ ਦੇ ਅਰਥ ਹਨ 'ਕੇਸਾਂ ਵਾਲਾ'।



bsrstrust.org

# 'ਸੂਰਾ' ਮਾਸਕ ਪੱਤਰ

ਇਸ ਪਰਚੇ ਦਾ ਮੁਖ ਮੰਤਵ ਹੈ—

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸ਼ਾਂ ਬਦੇਸ਼ਾਂ ਵਿਚ ਪਰਚਾਰ ਕਰਨਾ ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਣਾਉਣਾ ।

੩. ਸਿਖ ਧਰਮ, ਗੁਰਬਾਣੀ ਤੇ ਗੁਰਮਤਿ ਰਹਿਤ ਰਹਿਣੀ ਨਾਲ ਪਿਆਰ ਉਪਜਾਣ ਲਈ ਜਤਨ ।

੪. ਸਿਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ ।

੫. ਨੌਜਵਾਨਾਂ ਨੂੰ ਕੁਸੰਗਤ ਤੋਂ ਬਚਣ ਅਤੇ ਸ਼ੁਭ ਗੁਣਾਂ ਦੇ ਧਾਰਨ ਕਰਨ ਦੀ ਪਰੇਰਨਾ ।

੬. ਭੇੜੀਆਂ ਵਾਦੀਆਂ ਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ ।

੭. ਕੇਸ ਦਾੜ੍ਹੀ ਨੂੰ ਸੁਰਜੀਤ ਰਖਣ ਲਈ ਪ੍ਰਭਾਵ-ਸ਼ਾਲੀ ਵਿਚਾਰਾਂ ਦਾ ਪਰਚਾਰ ।

੮. ਸਾਦਾ ਜੀਵਨ ਤੇ ਸਾਦਾ ਲਿਬਾਸ ਰਖਣ ਲਈ ਪ੍ਰੇਰਨਾ ।

੯. ਸੇਵਾ ਤੇ ਸਿਮਰਨ ਅਪਣਾਉਣ ਲਈ ਪ੍ਰੇਰਨਾ ।

੧੦. ਦੰਭੀਆਂ ਪਖੰਡੀਆਂ ਤੇ ਪਰਪੰਚੀਆਂ ਦੇ ਪਾਜ ਨੂੰ ਉਘੇੜਨਾ ।

ਸਾਲਾਨਾ ਚੰਦਾ ਦੇਸ ੧੫/- ਪਰਦੇਸ ੩੦/-

ਹਵਾਈ ਡਾਕ : ਅਰਬ ਮਲਾਇਆ ੪੫/- ਯੂ. ਕੇ. ਅਫ਼ਰੀਕਾ ੬੦/-

ਕੈਨੇਡਾ ਅਮਰੀਕਾ ੭੦/-

## ਅਮਾਨਤੀ ਲਾਈਫ਼ ਮੈਂਬਰ

ਇਕੋ ਵਾਰ ਡੇਢ ਸੌ ਰੁਪਏ ਦੇਣ ਨਾਲ ਸਾਰੀ ਉਮਰ ਪਰਚਾ ਮਿਲਦਾ ਰਹੇਗਾ । ਇਹ ਰਕਮ ਬੈਂਕ ਵਿਚ ਤੁਹਾਡੇ ਨਾਂ ਜਮ੍ਹਾ ਹੋਵੇਗੀ । ਸਾਲਾਨਾ ਸੂਦ "ਸੂਰਾ" ਪੱਤਰ ਨੂੰ ਮਿਲਦਾ ਰਹੇਗਾ ਤੇ ਰਕਮ ਤੁਹਾਡੀ ਰਹੇਗੀ ।

ਲਾਈਫ ਮੈਂਬਰ ਦੇਸ ੧੫੦/- ਪਰਦੇਸ ਸੀ ਮੇਲ ਸਭ ਥਾਈਂ ੩੦੦/-

ਹਵਾਈ ਡਾਕ— ਯੂ. ਕੇ. ਅਫ਼ਰੀਕਾ ੬੫੦/-

ਅਮਰੀਕਾ ਕੈਨੇਡਾ ੭੫੦/- ਮਲਾਇਆ ਅਰਬ ੫੦੦/-

ਚਿੱਠੀ ਪੱਤਰ ਤੇ ਰਕਮ ਭੇਜਣ ਲਈ :

**'ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

bsrstrust.org

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਰੰਗਲੇ ਸਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵਿਚਾਰ
8. ਸਚਖੰਡ ਦਰਸ਼ਨ
9. ਗੁਰਮਤਿ ਗੌਰਵਤਾ
10. ਸੰਤ ਪਦ ਨਿਰਣੈ
11. ਕਥਾ ਕੀਰਤਨ
12. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ?
14. ਗੁਰਮਤਿ ਨਾਮ ਅਭਿਆਸ ਕਮਾਈ
15. ਗੁਰਮਤਿ ਸਚ ਨਿਰਣੈ
16. ਗੁਰਮਤਿ ਕਰਮ ਫਿਲਾਸਫੀ
17. ਅਨਹਦ ਸ਼ਬਦ ਦਸਮ ਦੁਆਰ
18. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
19. ਚਰਨ ਕਮਲ ਕੀ ਮਉਜ
20. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
21. ਜੋਤਿ ਵਿਗਾਸ (ਮਹਾਂ ਕਾਵਿ)
22. ਦਰਸ਼ਨ ਝਲਕਾਂ (ਕਾਵਿ ਉਡਾਰੀਆਂ)

ਟਰੈਕਟ–

23. ਅੰਮ੍ਰਿਤ ਕੀ ਹੈ ?
24. ਅੰਮ੍ਰਿਤ ਕਲਾ
25. ਗੁਰਮਤਿ ਰਮਜ਼ਾਂ
26. ਸਿਖ ਕੌਣ ਹੈ ?
27. ਵਾਹਿਗੁਰੂ ਸਿਮਰਨ
28. ਸੱਚੀਆਂ ਦਾੜ੍ਹੀਆਂ
29. ਸੁਪਨਾ
30. ਆਸਤਕ ਤੇ ਨਾਸਤਕ
31. ਸ਼ੰਕਿਆਂ ਦੇ ਉੱਤਰ
32. ਨਾਮ ਸੰਬੰਧੀ ਵਿਚਾਰ
33. ਤਿਮਰ ਅਗਿਆਨ ਤੋਂ ਉਜਿਆਰਾ
34. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
35. ਸਿੰਘਾਂ ਦਾ ਪੰਥ ਨਿਰਾਲਾ
36. ਬਾਬਾ ਵੈਦ ਰੋਗੀਆਂ ਦਾ
37. ਕੋ ਵਿਰਲਾ ਗੁਰਮਤਿ ਚਲੈ ਜੀਉ
38. ਹਉਮੈ ਨਾਵੈ ਨਾਲਿ ਵਿਰੋਧ ਹੈ
39. ਨਾਮ ਦਾ ਦਾਤਾ ਸਤਿਗੁਰੂ
40. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
41. ਸਿਖੀ ਸਿਦਕ ਤੇ ਧਰਮ ਰਖਿਆ
42. ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ

bsrstrust.org